Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 284 01/04/2026 www.samajweekly.com samajweekly @samajweekly samajweekly

ਸ਼ਰਾਰਤੀ ਅਨਸਰਾਂ ਵੱਲੋਂ ਨੂਰਪੁਰ ਜੱਟਾਂ ਵਿੱਚ ਡਾ. ਅੰਬੇਡਕਰ ਦੇ ਬੁੱਤ ਨਾਲ ਭੰਨਤੋੜ

ਹੁਸ਼ਿਆਰਪੁਰ, (ਸ.ਬ.) ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਨੂਰਪੁਰ ਜੱਟਾਂ ਵਿੱਚ ਬੀਤੀ ਦੇਰ ਰਾਤ ਅਣਪਛਾਤੇ ਸ਼ਰਾਰਤੀ ਅਨਸਰਾਂ ਵੱਲੋਂ ਡਾ. ਬੀ.ਆਰ. ਅੰਬੇਡਕਰ ਦੇ ਬੁੱਤ ਦੀ ਭੰਨਤੋੜ ਕੀਤੀ ਗਈ। ਇਸ ਘਟਨਾ ਨੇ ਸਥਾਨਕ ਨਿਵਾਸੀਆਂ ਅਤੇ ਪ੍ਰਸ਼ਾਸਨ ਵਿੱਚ ਚਿੰਤਾ ਪੈਦਾ ਕਰ ਦਿੱਤੀ ਹੈ, ਜਿਸ ਦੇ ਮੱਦੇਨਜ਼ਰ ਇਲਾਕੇ ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਬੁੱਤ ਨੂੰ ਭਾਰੀ ਚੀਜ਼ਾਂ ਨਾਲ ਨੁਕਸਾਨ ਪਹੁੰਚਾਇਆ ਗਿਆ ਹੈ, ਜਿਸ ਵਿੱਚ ਬੁੱਤ ਦਾ ਚਿਹਰਾ ਵਿਗਾੜ ਦਿੱਤਾ ਗਿਆ ਅਤੇ ਆਲੇ-ਦੁਆਲੇ ਲੱਗੇ ਸੁਰੱਖਿਆ ਸ਼ੀਸ਼ੇ ਤੋੜ ਦਿੱਤੇ ਗਏ। ਬੁੱਤ ਦੇ ਦੁਆਲੇ ਲਗਾਈ ਗਈ ਲਾਈਟਿੰਗ ਨੂੰ ਵੀ ਤੋੜਿਆ ਗਿਆ ਹੈ। ਜ਼ਿਕਰਯੋਗ ਹੈ ਕਿ ਇਹ ਸੁਰੱਖਿਆ ਪ੍ਰਬੰਧ ਪਿਛਲੀ ਵਾਰ ਹੋਈ ਭੰਨਤੋੜ ਦੀ ਘਟਨਾ ਤੋਂ ਬਾਅਦ ਕੀਤੇ ਗਏ ਸਨ। ਇਸ ਤੋਂ ਪਹਿਲਾਂ ਜੂਨ 2025 ਵਿੱਚ ਵੀ ਇਸੇ ਬੁੱਤ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਦੌਰਾਨ

ਉੱਥੇ ਖਾਲਿਸਤਾਨ ਪੱਖੀ ਨਾਅਰੇ ਲਿਖੇ ਗਏ ਸਨ। ਮੌਕੇ ਤੇ ਮੌਜੂਦ ਸਰਪੰਚ ਸ਼ਿੰਗਾਰਾ ਰਾਮ ਨੇ ਨੁਕਸਾਨ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਘਟਨਾ ਦਾ ਪਤਾ ਲੱਗਦਿਆਂ ਹੀ ਵੱਡੀ ਗਿਣਤੀ ਵਿੱਚ ਲੋਕ ਇਕੱਠੇ ਹੋ ਗਏ। ਉਨ੍ਹਾਂ ਕਿਹਾ ਕਿ ਬੁੱਤ ਦੀ ਬੇਅਦਬੀ ਕੀਤੀ ਗਈ ਹੈ ਅਤੇ ਸੁਰੱਖਿਆ ਦੇ ਸਾਰੇ ਪ੍ਰਬੰਧ ਤਬਾਹ ਕਰ ਦਿੱਤੇ ਗਏ ਹਨ। ਲੋਕਾਂ ਵਿੱਚ ਭਾਰੀ ਰੋਸ ਹੈ ਅਤੇ ਅਸੀਂ ਪ੍ਰਸ਼ਾਸਨ ਨੂੰ ਸੂਚਿਤ ਕਰ ਦਿੱਤਾ ਹੈ। ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਗੜ੍ਹਸ਼ੰਕਰ ਦੇ ਵਿਧਾਇਕ ਜੈ ਕ੍ਰਿਸ਼ਨ ਰੌੜੀ ਨੇ ਪੁਲੀਸ ਅਧਿਕਾਰੀਆਂ ਸਮੇਤ ਮੌਕੇ ਦਾ ਦੌਰਾ ਕੀਤਾ। ਉਨ੍ਹਾਂ ਨੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦਾ ਭਰੋਸਾ ਦਿੱਤਾ ਅਤੇ ਲੋਕਾਂ ਨੂੰ ਸ਼ਾਂਤੀ ਤੇ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕੀਤੀ। ਪੁਲੀਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਦੋਸ਼ੀਆਂ ਦੀ ਪਛਾਣ ਕਰਨ ਲਈ ਨੇੜਲੇ ਇਲਾਕਿਆਂ ਦੀ ਸੀਸੀਟੀਵੀ ਫੁਟੇਜ ਖੰਗਾਲੀ ਜਾ ਰਹੀ ਹੈ। ਪਿੰਡ ਅਤੇ ਆਲੇ-ਦੁਆਲੇ ਦੇ ਖੇਤਰ ਵਿੱਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ ਤਾਂ ਜੋ ਸਥਿਤੀ ਹੋਰ ਨਾ ਵਿਗੜੇ। ਪ੍ਰਸ਼ਾਸਨ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਅਫਵਾਹਾਂ ਵੱਲ ਧਿਆਨ ਨਾ ਦੇਣ ਅਤੇ ਸੋਸ਼ਲ ਮੀਡੀਆ ਤੇ ਭੜਕਾਊ ਸਮੱਗਰੀ ਤੋਂ ਬਚਣ। ਅਧਿਕਾਰੀਆਂ ਨੇ ਦੁਹਰਾਇਆ ਕਿ ਭਾਈਚਾਰਕ ਸ਼ਾਂਤੀ ਭੰਗ ਕਰਨ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਟਰੰਪ ਦੀ ਦੁਨੀਆ ਭਰ ਦੇ ਦੇਸ਼ਾਂ ਨੂੰ 'ਹੋਰਮੁਜ਼ ਦੇ ਜਲ ਮਾਰਗ' 'ਤੇ ਕਬਜ਼ਾ ਕਰਨ ਦੀ ਸਲਾਹ

ਨਵੀਂ ਦਿਲੀ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਦੁਨੀਆ ਭਰ ਦੇ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਉਹ ਹੋਰਮੁਜ਼ ਦੇ ਰਣਨੀਤਕ ਜਲ ਮਾਰਗ ਵੱਲ ਵਧਣ ਅਤੇ 'ਬੱਸ ਇਸ 'ਤੇ ਕਬਜ਼ਾ ਕਰ ਲੈਣ'। ਉਨ੍ਹਾਂ ਨੇ ਇਹ ਸੁਝਾਅ ਤੇਲ ਦੀ ਸਪਲਾਈ ਅਤੇ ਖੇਤਰੀ ਸੁਰੱਖਿਆ ਨੂੰ ਲੈ ਕੇ ਵਧ ਰਹੇ ਤਣਾਅ ਦੇ ਵਿਚਕਾਰ ਦਿੱਤਾ ਹੈ। ਟਰੰਪ ਨੇ ਜ਼ੋਰ ਦੇ ਕੇ ਕਿਹਾ ਕਿ ਹੋਰ ਦੇਸ਼ਾਂ ਨੂੰ ਇਸ ਮਹੱਤਵਪੂਰਨ ਸਮੁੰਦਰੀ ਰਸਤੇ ਦੀ ਸੁਰੱਖਿਆ ਵਿੱਚ ਵਧੇਰੇ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ, ਜਿਸ ਰਾਹੀਂ ਦੁਨੀਆ ਦੇ ਤੇਲ ਦਾ ਇੱਕ ਵੱਡਾ ਹਿੱਸਾ ਲੰਘਦਾ ਹੈ। ਉਨ੍ਹਾਂ ਨੇ ਸੰਕੇਤ ਦਿੱਤਾ ਕਿ ਅਮਰੀਕਾ ਇਕੱਲਾ ਇਸ ਖੇਤਰ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਨਹੀਂ ਚੁੱਕੇਗਾ ਅਤੇ ਹੋਰਨਾਂ ਦੇਸ਼ਾਂ ਨੂੰ ਆਪਣੇ ਹਿੱਤਾਂ ਦੀ ਰਾਖੀ ਲਈ ਖੁਦ ਅੱਗੇ ਆਉਣਾ ਚਾਹੀਦਾ ਹੈ। ਇਰਾਨ ਨੇ ਸੋਮਵਾਰ ਨੂੰ ਦੁਬਈ ਦੇ ਤੱਟ ਤੋਂ ਦੂਰ ਕੱਚੇ ਤੇਲ ਨਾਲ ਭਰੇ ਇੱਕ ਟੈਂਕਰ 'ਤੇ ਹਮਲਾ ਕਰਕੇ ਉਸ ਨੂੰ ਅੱਗ ਲਗਾ ਦਿੱਤੀ, ਜਦੋਂ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਚਿਤਾਵਨੀ ਦਿੱਤੀ ਕਿ ਜੇ ਇਰਾਨ ਨੂੰ ਨਹੀਂ ਖੋਲ੍ਹਦਾ ਤਾਂ ਅਮਰੀਕਾ ਇਰਾਨ ਦੇ ਊਰਜਾ ਪਲਾਂਟਾਂ ਅਤੇ ਤੇਲ ਦੇ ਖੂਹਾਂ ਨੂੰ ਤਬਾਹ ਕਰ ਦੇਵੇਗਾ।ਕੁਵੈਤ ਦੇ ਝੰਡੇ ਵਾਲੇ 'ਅਲ-ਸਲਮੀ' 'ਤੇ ਹੋਇਆ ਇਹ ਸਪੱਸ਼ਟ ਹਮਲਾ ਖਾੜੀ ਅਤੇ ਹੋਰਮੁਜ਼ ਦੀ ਜਲਡਮਰੂ ਵਿੱਚ ਵਪਾਰਕ ਜਹਾਜ਼ਾਂ 'ਤੇ ਕੀਤੇ ਗਏ ਹਮਲਿਆਂ ਦੀ ਲੜੀ ਵਿੱਚ ਤਾਜ਼ਾ ਘਟਨਾ ਹੈ। ਮਹੀਨਾ ਭਰ ਚੱਲੇ ਇਸ ਸੰਘਰਸ਼ ਨੇ ਪੂਰੇ ਮੱਧ ਪੂਰਬ ਵਿੱਚ ਫੈਲ ਕੇ ਹਜ਼ਾਰਾਂ ਲੋਕਾਂ ਦੀ ਜਾਨ ਲੈ ਲਈ ਹੈ, ਊਰਜਾ ਸਪਲਾਈ ਵਿੱਚ ਵਿਘਨ ਪਾਇਆ ਹੈ।

ਕੁਵੈਤ ਦੀ ਸਰਕਾਰੀ ਨਿਊਜ਼ ਏਜੰਸੀ ਵੱਲੋਂ ਟੈਂਕਰ 'ਤੇ ਹਮਲੇ ਦੀ ਰਿਪੋਰਟ ਦਿੱਤੇ ਜਾਣ ਤੋਂ ਬਾਅਦ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਇੱਕ ਵਾਰ ਫਿਰ ਉਛਾਲ ਆਇਆ। ਇਹ ਟੈਂਕਰ ਲਗਪਗ 20 ਲੱਖ ਬੈਰਲ ਤੇਲ ਲੈ ਕੇ ਜਾ ਸਕਦਾ ਹੈ, ਜਿਸ ਦੀ ਮੌਜੂਦਾ ਕੀਮਤ 20 ਕਰੋੜ ਡਾਲਰ ਤੋਂ ਵੱਧ ਹੈ। ਜਹਾਜ਼ ਦੇ ਮਾਲਕ 'ਕੁਵੈਤ ਪੈਟਰੋਲੀਅਮ ਕਾਰਪੋਰੇਸ਼ਨ' ਨੇ ਕਿਹਾ ਕਿ ਨੁਕਸਾਨ ਦਾ ਜਾਇਜ਼ਾ ਲੈਣ ਲਈ ਕੰਮ ਚੱਲ ਰਿਹਾ ਹੈ ਅਤੇ ਤੇਲ ਦੇ ਰਿਸਾਅ ਦੀ ਸੰਭਾਵਨਾ ਬਾਰੇ ਚਿਤਾਵਨੀ ਦਿੱਤੀ ਹੈ।

ਦੁਬਈ ਦੇ ਅਧਿਕਾਰੀਆਂ ਨੇ ਬਾਅਦ ਵਿੱਚ ਕਿਹਾ ਕਿ ਉਹ ਡਰੋਨ ਹਮਲੇ ਤੋਂ ਬਾਅਦ ਟੈਂਕਰ ਦੀ ਅੱਗ 'ਤੇ ਕਾਬੂ ਪਾਉਣ ਵਿੱਚ ਕਾਮਯਾਬ ਹੋ ਗਏ ਹਨ ਅਤੇ ਕਿਸੇ ਦੇ ਜ਼ਖਮੀ ਹੋਣ ਦੀ ਖਬਰ ਨਹੀਂ ਹੈ। ਤੇਲ ਅਤੇ ਬਾਲਣ ਦੀਆਂ ਕੀਮਤਾਂ ਵਿੱਚ ਵਾਧਾ ਅਮਰੀਕੀ ਘਰੇਲੂ ਵਿੱਤ 'ਤੇ ਭਾਰ ਪਾਉਣ ਲੱਗਾ ਹੈ ਅਤੇ ਨਵੰਬਰ ਦੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਟਰੰਪ ਅਤੇ ਉਨ੍ਹਾਂ ਦੀ ਰਿਪਬਲਿਕਨ ਪਾਰਟੀ ਲਈ ਇੱਕ ਸਿਆਸੀ ਸਿਰਦਰਦੀ ਬਣ ਗਿਆ ਹੈ। ਅਮਰੀਕਾ ਵਿੱਚ ਗੈਸੋਲੀਨ ਦੀ ਰਾਸ਼ਟਰੀ ਔਸਤ ਪ੍ਰਚੂਨ ਕੀਮਤ ਸੋਮਵਾਰ ਨੂੰ ਤਿੰਨ ਸਾਲਾਂ ਵਿੱਚ ਪਹਿਲੀ ਵਾਰ 4 ਡਾਲਰ ਪ੍ਰਤੀ ਗੈਲਨ ਨੂੰ ਪਾਰ ਕਰ ਗਈ ਹੈ, ਕਿਉਂਕਿ ਵਿਸ਼ਵਵਿਆਪੀ ਸਪਲਾਈ ਵਿੱਚ ਕਮੀ ਕਾਰਨ ਅਮਰੀਕੀ ਕੱਚੇ ਤੇਲ ਦੀਆਂ ਕੀਮਤਾਂ 101 ਡਾਲਰ ਪ੍ਰਤੀ ਬੈਰਲ ਤੋਂ ਉੱਪਰ ਪਹੁੰਚ ਗਈਆਂ ਹਨ। ਦੋਵਾਂ ਪਾਸਿਆਂ ਤੋਂ ਹਮਲੇ ਰੁਕਣ ਦੇ ਕੋਈ ਸੰਕੇਤ ਨਹੀਂ ਦਿਖਾ ਰਹੇ ਹਨ ਅਤੇ ਇੱਕ ਵਿਆਪਕ ਸੰਘਰਸ਼ ਦਾ ਡਰ ਵਧ ਰਿਹਾ ਹੈ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੀਵਿਟ ਨੇ ਕਿਹਾ ਕਿ ਟਰੰਪ 6 ਅਪਰੈਲ ਦੀ ਸਮਾਂ ਸੀਮਾ ਤੋਂ ਪਹਿਲਾਂ ਤਹਿਰਾਨ ਨਾਲ ਇੱਕ ਸਮਝੌਤੇ 'ਤੇ ਪਹੁੰਚਣਾ ਚਾਹੁੰਦੇ ਹਨ।

ਹਿਮਾਚਲ ਸਰਕਾਰ ਦਾ ਵੱਡਾ ਯੂ-ਟਰਨ: ਐਂਟਰੀ ਟੈਕਸ ਵਾਧਾ ਲੋਕਾਂ ਦੇ ਵਿਰੋਧ ਮਗਰੋਂ ਰੱਦ

ਹਿਮਾਚਲ। ਹਿਮਾਚਲ ਵਿੱਚ ਐਂਟਰੀ ਟੈਕਸ ਦੇ ਵਧੇ ਹੋਏ ਰੇਟ ਲਾਗੂ ਕਰਨ ਦੇ ਫੈਸਲੇ ਨੂੰ ਲੈ ਕੇ ਸਰਕਾਰ ਨੂੰ ਆਖਿਰਕਾਰ ਵੱਡਾ ਯੂ-ਟਰਨ ਲੈਣਾ ਪਿਆ। ਮੁੱਖ ਮੰਤਰੀ Sukhivnder Singh Sukhu ਨੇ ਲੋਕਾਂ ਦੇ ਭਾਰੀ ਵਿਰੋਧ ਨੂੰ ਦੇਖਦੇ ਹੋਏ ਇਹ ਵਾਧਾ ਤੁਰੰਤ ਪ੍ਰਭਾਵ ਨਾਲ ਵਾਪਸ ਲੈਣ ਦਾ ਐਲਾਨ ਕਰ ਦਿੱਤਾ। ਇਹ ਫੈਸਲਾ ਉਸ ਸਮੇਂ ਆਇਆ ਜਦੋਂ ਨਵੇਂ ਟੈਕਸ ਰੇਟ ਅੱਧੀ ਰਾਤ ਤੋਂ ਲਾਗੂ ਹੋਣ ਵਾਲੇ ਸਨ ਅਤੇ ਇਸਦੇ ਖਿਲਾਫ਼ ਲੋਕਾਂ ਵਿੱਚ ਗੁੱਸਾ ਚਰਮ 'ਤੇ ਸੀ। ਪੰਜਾਬ, ਹਰਿਆਣਾ ਸਮੇਤ ਹੋਰ ਰਾਜਾਂ ਤੋਂ ਆਉਣ ਵਾਲੇ ਯਾਤਰੀਆਂ ਅਤੇ ਵਪਾਰੀਆਂ ਨੇ ਇਸਨੂੰ ਆਰਥਿਕ ਬੋਝ ਦੱਸਦਿਆਂ ਖੁੱਲ੍ਹਾ ਵਿਰੋਧ ਕੀਤਾ। ਖ਼ਾਸ ਤੌਰ 'ਤੇ ਖਿਰਓਟਪੁਰ ਸ਼ਓਹਿਬ ਤੋਂ ਲੰਘਦੇ ਰਸਤੇ ਅਤੇ Kullu Manail Road ਉੱਤੇ ਸਥਿਤ ਐਂਟਰੀ ਟੈਕਸ ਬੈਰੀਅਰਾਂ 'ਤੇ ਤਣਾਅਪੂਰਨ ਹਾਲਾਤ ਬਣ ਗਏ ਸਨ। ਟਰਾਂਸਪੋਰਟ ਯੂਨੀਅਨਾਂ

ਅਤੇ ਸਥਾਨਕ ਸੰਗਠਨਾਂ ਵੱਲੋਂ ਧਰਨਿਆਂ ਅਤੇ ਪ੍ਰਦਰਸ਼ਨਾਂ ਦੀ ਤਿਆਰੀ ਜ਼ੋਰਾਂ 'ਤੇ ਸੀ। ਸੈਲਾਨੀਆਂ ਲਈ ਪ੍ਰਸਿੱਧ ਸੂਬਾ ਹੋਣ ਕਰਕੇ, ਇਸ ਫੈਸਲੇ ਦਾ ਸਿੱਧਾ ਅਸਰ ਯਾਤਰਾ ਖਰਚ 'ਤੇ ਪੈਣਾ ਸੀ। ਹਰ ਸਾਲ ਲੱਖਾਂ ਦੀ ਗਿਣਤੀ ਵਿੱਚ ਲੋਕ ਧਾਰਮਿਕ ਅਤੇ ਸੈਰ-ਸਪਾਟੇ ਲਈ ਹਿਮਾਚਲ ਆਉਂਦੇ ਹਨ, ਜਿਸ ਕਰਕੇ ਇਹ ਵਾਧਾ ਵੱਡੀ ਚਿੰਤਾ ਦਾ ਕਾਰਨ ਬਣਿਆ ਹੋਇਆ ਸੀ।

ਇਸਦੇ ਨਾਲ ਹੀ, ਪੰਜਾਬ ਮੋਰਚਾ ਦੇ ਕਨਵੀਨਰ Gaurav Rana ਨੇ ਸਰਕਾਰ 'ਤੇ ਦੋਸ਼ ਲਗਾਇਆ ਕਿ ਐਂਟਰੀ ਪਲਾਜ਼ੇ ਗੈਰ-ਕਾਨੂੰਨੀ ਤਰੀਕੇ ਨਾਲ ਲਗਾਏ ਗਏ ਹਨ ਅਤੇ ਇਹ ਆਮ ਲੋਕਾਂ ਤੋਂ ਬੇਵਜ੍ਹਾ ਪੈਸਾ ਵਸੂਲਣ ਦਾ ਸਾਧਨ ਬਣੇ ਹੋਏ ਹਨ। ਉਨ੍ਹਾਂ ਨੇ ਮੰਗ ਕੀਤੀ ਕਿ ਇਹ ਸਾਰੇ ਪਲਾਜ਼ੇ ਪੂਰੀ ਤਰ੍ਹਾਂ ਬੰਦ ਕੀਤੇ ਜਾਣ।

ਮੌਜੂਦਾ ਹਾਲਾਤਾਂ ਨੂੰ ਵੇਖਦੇ ਹੋਏ ਇਹ ਸਾਫ਼ ਹੈ ਕਿ ਲੋਕਾਂ ਦੇ ਭਾਰੀ ਦਬਾਅ ਅਤੇ ਵਿਰੋਧ ਕਾਰਨ ਹੀ ਸਰਕਾਰ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ, ਜਿਸ ਨਾਲ ਪੰਜਾਬ ਸਮੇਤ ਹੋਰ ਰਾਜਾਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ।

ਇਰਾਨ ਸੰਘਰਸ਼ ਕਾਰਨ ਅਮਰੀਕਾ ਵਿੱਚ ਤੇਲ ਦੀ ਕੀਮਤ 4 ਡਾਲਰ ਪ੍ਰਤੀ ਗੈਲਨ ਤੱਕ ਪਹੁੰਚੀ

ਵਾਸ਼ਿੰਗਟਨ। ਇਰਾਨ ਵਿੱਚ ਚੱਲ ਰਹੇ ਯੁੱਧ ਕਾਰਨ ਦੁਨੀਆ ਭਰ ਵਿੱਚ ਤੇਲ ਦੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ। ਇਸ ਦੇ ਨਤੀਜੇ ਵਜੋਂ ਅਮਰੀਕਾ ਵਿੱਚ ਤੇਲ ਦੀ ਕੀਮਤ 4 ਡਾਲਰ ਪ੍ਰਤੀ ਗੈਲਨ ਤੱਕ ਪਹੁੰਚ ਗਈ ਹੈ, ਜੋ ਕਿ ਪਿਛਲੇ ਕਈ ਸਾਲਾਂ ਵਿੱਚ ਸਭ ਤੋਂ ਵੱਧ ਹੈ। ਇਸ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਯੂਰਪੀਅਨ ਦੇਸ਼ਾਂ ਵੱਲੋਂ ਇਸ ਜੰਗ ਵਿੱਚ ਅਮਰੀਕਾ ਦਾ ਸਾਥ ਨਾ ਦੇਣ ਲਈ ਉਹਨਾਂ ਦੀ ਨੁਕਤਾਚੀਨੀ ਕੀਤੀ। ਟਰੰਪ ਨੇ ਵਿਅੰਗ ਕਰਦਿਆਂ ਆਖਿਆ ਕਿ

ਲੋੜ ਪੈਣ ਉੱਤੇ ਯੂਰਪੀਅਨ ਦੇਸ਼ ਤੇਲ ਸਿੱਧਾ ਸਟਰੇਟ ਆਫ ਹੌਰਮੂਜ਼ ਤੋਂ ਲੈ ਆਉਣਗੇ। ਹਾਲਾਤ ਅਜੇ ਵੀ ਤਣਾਅਪੂਰਨ ਹਨ ਅਤੇ ਯੁੱਧ ਖਤਮ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ।

15,000 ਕਰੋੜ ਦੀਆਂ ਜਾਇਦਾਦਾਂ ਸੁਪਰੀਮ ਕੋਰਟ ਕਮੇਟੀ ਹਵਾਲੇ

ਨਵੀਂ ਦਿੱਲੀ। ਇਨਫ਼ੋਰਸਮੈਂਟ ਡਾਇਰੈਕਟੋਰੇਟ ਨੇ ਅੱਜ ਜਾਣਕਾਰੀ ਦਿਤੀ ਹੈ ਕਿ ਉਨ੍ਹਾਂ ਨੇ 15,000 ਕਰੋੜ ਰੁਪਏ ਤੋਂ ਵੱਧ ਦੀਆਂ ਜਾਇਦਾਦਾਂ ਸੁਪਰੀਮ ਕੋਰਟ ਵਲੋਂ ਬਣਾਈ ਗਈ ਇਕ ਵਿਸ਼ੇਸ਼ ਕਮੇਟੀ ਨੂੰ ਸੌਂਪ ਦਿਤੀਆਂ ਹਨ। ਇਹ ਕਦਮ ਇਸ ਲਈ ਚੁੱਕਿਆ ਗਿਆ ਹੈ ਤਾਕਿ ਚੰਡੀਗੜ੍ਹ ਸਥਿਤ ਪੀ.ਏ.ਸੀ.ਐਲ. (ਪਰਲਜ਼ ਗਰੁਪ) ਵਲੋਂ ਪੋਂਜ਼ੀ ਸਕੀਮ ਰਾਹੀਂ ਕਥਿਤ ਤੌਰ 'ਤੇ ਠੱਗੇ ਗਏ ਨਿਵੇਸ਼ਕਾਂ ਨੂੰ ਉਨ੍ਹਾਂ ਦਾ ਬਣਦਾ ਬਕਾਇਆ ਵਾਪਸ ਮਿਲ ਸਕੇ। ਇਸ ਵੱਡੇ ਵਿੱਤੀ ਘੁਟਾਲੇ ਦੀ ਅੰਦਾਜ਼ਨ ਕੀਮਤ ਲਗਭਗ 48,000 ਕਰੋੜ ਰੁਪਏ ਦਸੀ ਜਾ ਰਹੀ ਹੈ। ਕੇਂਦਰੀ ਏਜੰਸੀ ਨੇ ਦਸਿਆ ਕਿ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੀ ਇਕ ਵਿਸ਼ੇਸ਼ ਅਦਾਲਤ ਨੇ 455 ਅਚੱਲ ਜਾਇਦਾਦਾਂ ਨੂੰ ਜਸਟਿਸ ਲੋਧਾ ਕਮੇਟੀ ਨੂੰ

ਸੌਂਪਣ ਦੇ ਹੁਕਮ ਦਿਤੇ ਹਨ। ਇਨ੍ਹਾਂ ਜਾਇਦਾਦਾਂ ਦੀ ਮੌਜੂਦਾ ਬਾਜ਼ਾਰੀ ਕੀਮਤ ਲਗਭਗ 15,582 ਕਰੋੜ ਰੁਪਏ ਹੈ। ਇਸ ਫ਼ੈਸਲੇ ਨਾਲ ਉਨ੍ਹਾਂ ਲੱਖਾਂ ਨਿਵੇਸ਼ਕਾਂ ਵਿਚ ਉਮੀਦ ਦੀ ਕਿਰਨ ਜਾਗੀ ਹੈ ਜਿਨ੍ਹਾਂ ਦੇ ਕਰੋੜਾਂ ਰੁਪਏ ਇਸ ਘਪਲੇ ਵਿਚ ਫਸੇ ਹੋਏ ਹਨ। ਈ.ਡੀ. ਅਨੁਸਾਰ ਇਨ੍ਹਾਂ ਜਾਇਦਾਦਾਂ ਦੀ ਵਰਤੋਂ ਹੁਣ ਨਿਵੇਸ਼ਕਾਂ ਦਾ ਪੈਸਾ ਮੋੜਨ ਲਈ ਕੀਤੀ ਜਾ ਸਕੇਗੀ। ਮਨੀ ਲਾਂਡਰਿੰਗ ਰੋਕੂ ਕਾਨੂੰਨ ਤਹਿਤ ਧੋਖਾਧੜੀ ਦਾ ਸ਼ਿਕਾਰ ਹੋਏ ਬੈਂਕਾਂ, ਜਮ੍ਹਾਂਕਰਤਾਵਾਂ ਅਤੇ ਘਰ ਖ਼ਰੀਦਣ ਵਾਲਿਆਂ ਨੂੰ ਉਨ੍ਹਾਂ ਦੀਆਂ ਜਾਇਦਾਦਾਂ ਜਾਂ ਪੈਸਾ ਵਾਪਸ ਕਰਵਾਉਣ ਦਾ ਪ੍ਰਬੰਧ ਮੌਜੂਦ ਹੈ। ਇਸ ਤਹਿਤ ਹੁਣ ਪੀ.ਏ.ਸੀ.ਐਲ. ਮਾਮਲੇ ਵਿਚ ਵੱਡੀ ਕਾਰਵਾਈ ਕੀਤੀ ਗਈ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com
ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਹੋਰਮੁਜ਼ ਸਟ੍ਰੇਟ ਤੋਂ ਲੰਘਣ ਵਾਲੇ ਜਹਾਜ਼ਾਂ 'ਤੇ ਈਰਾਨ ਵੱਲੋਂ ਟੋਲ ਲਗਾਉਣ ਦੀ ਤਿਆਰੀ

ਤਲਅਵੀਵ। ਈਰਾਨ ਨੇ ਹੋਰਮੁਜ਼ ਸਟ੍ਰੇਟ ਤੋਂ ਲੰਘਣ ਵਾਲੇ ਜਹਾਜ਼ਾਂ 'ਤੇ ਟੋਲ ਲਗਾਉਣ ਦਾ ਫੈਸਲਾ ਕੀਤਾ ਹੈ। ਈਰਾਨੀ ਸੰਸਦ ਦੀ ਨੈਸ਼ਨਲ ਸੁਰੱਖਿਆ ਕਮੇਟੀ ਨੇ ਇਸ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰਿਪੋਰਟਾਂ ਮੁਤਾਬਕ ਇਸ ਯੋਜਨਾ ਅਧੀਨ ਜਹਾਜ਼ਾਂ ਨੂੰ ਈਰਾਨ ਦੀ ਰਾਸ਼ਟਰੀ ਮੁਦਰਾ ਰਿਆਲ ਵਿੱਚ ਟੋਲ ਅਦਾ ਕਰਨਾ ਪਵੇਗਾ। ਇਸ ਯੋਜਨਾ ਵਿੱਚ ਅਮਰੀਕਾ ਅਤੇ ਇਜ਼ਰਾਈਲ ਨਾਲ ਸੰਬੰਧਿਤ ਜਹਾਜ਼ਾਂ ਦੀ ਐਂਟਰੀ 'ਤੇ ਪਾਬੰਦੀ ਦਾ ਪ੍ਰਸਤਾਵ ਵੀ ਸ਼ਾਮਿਲ ਹੈ। ਹਾਲਾਂਕਿ ਇਹ ਪ੍ਰਸਤਾਵ ਹਾਲੇ ਕਾਨੂੰਨ ਨਹੀਂ ਬਣਿਆ। ਇਸ ਨੂੰ ਲਾਗੂ ਕਰਨ ਤੋਂ ਪਹਿਲਾਂ ਈਰਾਨੀ ਸੰਸਦ, ਗਾਰਡੀਅਨ ਕੌਂਸਲ ਅਤੇ ਰਾਸ਼ਟਰਪਤੀ ਦੀ ਅੰਤਿਮ ਮਨਜ਼ੂਰੀ ਲੋੜੀਂਦੀ ਹੈ। ਹੋਰਮੁਜ਼ ਸਟ੍ਰੇਟ ਦੁਨੀਆਂ ਦੀ ਤੇਲ ਸਪਲਾਈ ਲਈ ਬਹੁਤ ਮਹੱਤਵਪੂਰਨ ਰਾਹ ਹੈ, ਇਸ

ਲਈ ਇਸ ਫੈਸਲੇ ਨਾਲ ਅੰਤਰਰਾਸ਼ਟਰੀ ਬਾਜ਼ਾਰ ਅਤੇ ਊਰਜਾ ਸਪਲਾਈ 'ਤੇ ਵੱਡਾ ਅਸਰ ਪੈ ਸਕਦਾ ਹੈ।

ਇਸੇ ਦੌਰਾਨ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਕਿਹਾ ਹੈ ਕਿ ਈਰਾਨ ਨਾਲ ਚੱਲ ਰਹੀ ਜੰਗ ਕਦੋਂ ਖਤਮ ਹੋਵੇਗੀ, ਇਹ ਦੱਸਣਾ ਮੁਸ਼ਕਿਲ ਹੈ, ਪਰ ਉਨ੍ਹਾਂ ਦਾ ਦਾਅਵਾ ਹੈ ਕਿ ਜੰਗ ਦੇ ਕਈ ਟੀਚੇ ਹਾਸਿਲ ਕਰ ਲਏ ਗਏ ਹਨ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

ਬਾਲੀਵੁੱਡ ਅਦਾਕਾਰਾ ਪ੍ਰਿਅੰਕਾ ਚੋਪੜਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਨਤਮਸਤਕ

ਅੰਮ੍ਰਿਤਸਰ। ਬਾਲੀਵੁੱਡ ਦੀ ਪ੍ਰਸਿੱਧ ਅਦਾਕਾਰਾ ਪ੍ਰਿਅੰਕਾ ਚੋਪੜਾ ਨੇ ਆਪਣੇ ਹਾਲੀਆ ਅੰਮ੍ਰਿਤਸਰ ਦੌਰੇ ਦੌਰਾਨ ਧਾਰਮਿਕ ਅਸਥਾਨ ਸ੍ਰੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਹ ਦੌਰਾ ਪੂਰੀ ਤਰ੍ਹਾਂ ਨਿੱਜੀ ਅਤੇ ਗੁਪਤ ਰੱਖਿਆ ਗਿਆ ਸੀ, ਜਿਸ ਦੌਰਾਨ ਉਨ੍ਹਾਂ ਨੇ ਮੀਡੀਆ ਤੋਂ ਦੂਰੀ ਬਣਾਈ ਰੱਖੀ। ਦੌਰੇ ਦੌਰਾਨ ਪ੍ਰਿਅੰਕਾ ਚੋਪੜਾ ਨੇ ਸਿਰਫ਼ ਦਰਸ਼ਨ ਹੀ ਨਹੀਂ ਕੀਤੇ, ਸਗੋਂ ਸਿੱਖੀ ਦੇ ਮੂਲ ਸਿਧਾਂਤਾਂ ਨੂੰ ਜੀਵੰਤ ਕਰਦਿਆਂ ਛਬੀਲ ਦੀ ਸੇਵਾ ਅਤੇ ਲੰਗਰ ਦੇ ਜੂਠੇ ਭਾਂਡੇ ਮਾਂਝਣ ਦੀ ਸੇਵਾ ਵੀ ਨਿਭਾਈ। ਇਸ ਨਾਲ ਉਨ੍ਹਾਂ ਨੇ ਸਮਾਜ ਵਿੱਚ ਸੇਵਾ, ਨਿਮਰਤਾ ਅਤੇ ਸਮਾਨਤਾ ਦਾ ਪ੍ਰੇਰਣਾਦਾਇਕ ਸੰਦੇਸ਼ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਨੇ ਕੁਝ ਸਮਾਂ ਪਰਿਕਰਮਾ ਵਿੱਚ ਬੈਠ ਕੇ ਗੁਰਬਾਣੀ ਕੀਰਤਨ ਦਾ ਆਨੰਦ ਮਾਣਿਆ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਉਨ੍ਹਾਂ ਦੀ ਇਹ ਸਧਾਰਣਤਾ ਅਤੇ ਧਾਰਮਿਕ ਭਾਵਨਾ ਲੋਕਾਂ ਵੱਲੋਂ ਕਾਫ਼ੀ ਸਰਾਹੀ ਜਾ ਰਹੀ ਹੈ। ਜਾਣਕਾਰੀ ਅਨੁਸਾਰ, ਪ੍ਰਿਅੰਕਾ ਚੋਪੜਾ 25 ਮਾਰਚ ਨੂੰ ਅੰਮ੍ਰਿਤਸਰ ਪਹੁੰਚੀ ਸੀ, ਜਿੱਥੇ ਉਹ ਕਿਸੇ ਫਿਲਮ ਦੀ ਸ਼ੂਟਿੰਗ ਦੇ ਸਿਲਸਿਲੇ ਵਿੱਚ ਵੀ ਸ਼ਾਮਲ ਹੋਈ। ਉਨ੍ਹਾਂ ਦਾ ਇਹ ਦੌਰਾ ਆਮ ਲੋਕਾਂ ਲਈ ਇੱਕ ਪ੍ਰੇਰਣਾ ਬਣਿਆ ਹੈ ਕਿ ਵੱਡੀਆਂ ਹਸਤੀਆਂ ਵੀ ਸੇਵਾ ਅਤੇ ਨਿਮਰਤਾ ਦੇ ਰਾਹ 'ਤੇ ਚੱਲਦੀਆਂ ਹਨ।

ਨਾਲੰਦਾ ਦੇ ਸ਼ੀਤਲਾ ਮੰਦਰ ਵਿੱਚ ਭਗਦੜ ਦੌਰਾਨ 9 ਵਿਅਕਤੀਆਂ ਦੀ ਮੌਤ, ਕਈ ਜ਼ਖਮੀ

ਨਾਲੰਦਾ ।ਬਿਹਾਰ ਦੇ ਨਾਲੰਦਾ ਜ਼ਿਲ੍ਹੇ ਵਿੱਚ ਸਥਿਤ ਸ਼ੀਤਲਾ ਮੰਦਰ ਵਿੱਚ ਅੱਜ ਇੱਕ ਧਾਰਮਿਕ ਸਮਾਗਮ ਦੌਰਾਨ ਅੱਠ ਔਰਤਾਂ ਸਮੇਤ 9 ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਰਿਪੋਰਟਾਂ ਅਨੁਸਾਰ ਇਹ ਦੁਖਾਂਤ ਉਸ ਸਮੇਂ ਵਾਪਰਿਆ ਜਦੋਂ ਪੂਜਾ ਲਈ ਸ਼ਰਧਾਲੂਆਂ ਦੀ ਭਾਰੀ ਭੀੜ ਇਕੱਠੀ ਹੋ ਗਈ ਸੀ, ਜਿਸ ਕਾਰਨ ਪੈਦਾ ਹੋਈ ਜ਼ਿਆਦਾ ਭੀੜ ਨੇ ਭਗਦੜ ਮਚਾ ਦਿੱਤੀ ਅਤੇ ਇਸ ਵਿੱਚ ਕਈ ਲੋਕ ਕੁਚਲੇ ਗਏ ਹਨ। ਬਿਹਾਰ ਦੇ ਉਪ ਮੁੱਖ ਮੰਤਰੀ ਸਮਰਾਟ ਚੌਧਰੀ ਨੇ ਨਾਲੰਦਾ ਦੇ ਸ਼ੀਤਲਾ ਮਾਤਾ ਮੰਦਰ ਵਿੱਚ ਭਗਦੜ ਕਾਰਨ ਜਾਨਾਂ ਗੁਆਉਣ ਵਾਲੇ ਪੀੜਤਾਂ ਦੇ ਪਰਿਵਾਰਾਂ ਨਾਲ ਦਿਲੋਂ ਹਮਦਰਦੀ ਪ੍ਰਗਟ ਕੀਤੀ ਅਤੇ ਉਨ੍ਹਾਂ ਨੂੰ ਸਰਕਾਰੀ ਸਹਿਯੋਗ ਦਾ ਭਰੋਸਾ ਦਿੱਤਾ। ਐਕਸ ਤੇ ਇੱਕ ਪੋਸਟ ਵਿੱਚ, ਉਪ ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਕਿ ਜ਼ਖਮੀਆਂ ਦੇ ਇਲਾਜ ਨੂੰ ਯਕੀਨੀ ਬਣਾਉਣ ਲਈ ਉਚਿਤ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਲਿਖਿਆ ਕਿ ਨਾਲੰਦਾ ਦੇ ਮਾਤਾ ਸ਼ੀਤਲਾ ਮੰਦਰ ਵਿੱਚ ਵਾਪਰੀ ਭਗਦੜ ਦੀ ਦੁਖਦਾਈ ਘਟਨਾ ਬੇਹੱਦ ਦਿਲ ਕੰਬਾਊ ਹੈ। ਮੈਂ ਇਸ ਹਾਦਸੇ ਵਿੱਚ ਜਾਨਾਂ ਗੁਆਉਣ ਵਾਲੇ ਅਤੇ ਜ਼ਖਮੀ ਹੋਏ ਸਾਰੇ ਸ਼ਰਧਾਲੂਆਂ ਦੇ ਪਰਿਵਾਰਾਂ ਨਾਲ ਆਪਣੀ ਸੰਵੇਦਨਾ ਪ੍ਰਗਟ ਕਰਦਾ ਹਾਂ। ਸਰਕਾਰ ਪ੍ਰਭਾਵਿਤ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਅਤੇ ਰਾਹਤ ਪ੍ਰਦਾਨ ਕਰ ਰਹੀ ਹੈ। ਜ਼ਖਮੀਆਂ ਦੇ ਯੋਗ ਇਲਾਜ ਲਈ ਪ੍ਰਬੰਧ ਕੀਤੇ ਗਏ ਹਨ। ਪ੍ਰਮਾਤਮਾ ਵਿਛੜੀਆਂ ਰੂਹਾਂ ਨੂੰ ਸ਼ਾਂਤੀ ਬਖਸ਼ੇ ਅਤੇ ਦੁਖੀ ਪਰਿਵਾਰਾਂ ਨੂੰ ਇਸ ਦੁੱਖ ਦੀ ਘੜੀ ਵਿੱਚ ਹਿੰਮਤ ਦੇਵੇ। ਮੈਂ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਪ੍ਰਾਰਥਨਾ ਕਰਦਾ ਹਾਂ। ਫਿਲਹਾਲ ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਆਸ-ਪਾਸ ਦੇ ਇਲਾਕੇ ਵਿੱਚ ਮੇਲੇ ਵਿੱਚ ਲਗਾਈਆਂ ਗਈਆਂ ਦੁਕਾਨਾਂ ਨੂੰ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ। ਇੱਕ ਸ਼ਰਧਾਲੂ ਰੀਨਾ ਰਾਏ ਨੇ ਦੱਸਿਆ ਕਿ ਇੱਥੇ ਇੱਕ ਨਿਸ਼ਚਿਤ ਕਤਾਰ ਹੈ, ਪਰ ਕੋਈ ਵੀ ਲਾਈਨ ਵਿੱਚ ਇੰਤਜ਼ਾਰ ਨਹੀਂ ਕਰਨਾ ਚਾਹੁੰਦਾ ਸੀ, ਜਿਸ ਕਾਰਨ ਭਗਦੜ ਮੱਚ ਗਈ। ਇਹ ਮੇਲਾ ਹਰ ਮੰਗਲਵਾਰ ਨੂੰ ਲੱਗਦਾ ਹੈ। ਇਹ ਘਟਨਾ ਪ੍ਰਸ਼ਾਸਨ ਦੀ ਨਾਕਾਮੀ ਨੂੰ ਦਰਸਾਉਂਦੀ ਹੈ।

6 ਸਾਲ ਦੇ ਮਾਸੂਮ ਅਰਸ਼ਪ੍ਰੀਤ ਦਾ ਕਤਲ ਕਰਨ ਵਾਲੀ ਮਾਂ ਨੂੰ ਅਦਾਲਤ ਨੇ ਸੁਣਾਈ ਉਮਰ ਕੈਦ ਦੀ ਸਜ਼ਾ

ਜਲੰਧਰ । ਜਲੰਧਰ ਜ਼ਿਲ੍ਹੇ ਦੇ ਪਿੰਡ ਸੋਹਲ ਜਾਗੀਰ ਦੇ 6 ਸਾਲਾ ਅਰਸ਼ਪ੍ਰੀਤ ਸਿੰਘ ਪਰਿਵਾਰ ਦਾ ਇਕਲੌਤਾ ਪੁੱਤਰ ਸੀ ਅਤੇ ਉਸ ਦਾ ਉਸ ਦੀ ਮਾਂ ਨੇ ਹੀ ਚਾਕੂ ਮਾਰ ਕੇ ਕਤਲ ਦਿੱਤਾ। ਕਤਲ ਦਾ ਕਾਰਨ ਸਿਰਫ਼ ਇਹ ਸੀ ਕਿ 6 ਸਾਲਾ ਅਰਸ਼ਪ੍ਰੀਤ ਆਪਣੀ ਦਾਦੀ ਨਾਲ ਬਹੁਤ ਜ਼ਿਆਦਾ ਪਿਆਰ ਕਰਦਾ ਸੀ ਅਤੇ ਉਸ ਨਾਲ ਸੌਣ ਜ਼ਿੱਦ ਕਰਦਾ ਸੀ। ਇਸ ਕਤਲ ਕੇਸ ਵਿੱਚ ਅਦਾਲਤ ਨੇ ਦੋਸ਼ੀ ਮਾਂ ਕੁਲਵਿੰਦਰ ਕੌਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ 50,000 ਦਾ ਜੁਰਮਾਨਾ ਲਗਾਇਆ ਹੈ । ਇਹ ਘਟਨਾ 8 ਜੂਨ 2020 ਦੀ ਹੈ । ਦੋਸ਼ੀ ਔਰਤ ਨੇ ਆਪਣੇ ਪੁੱਤਰ ਨੂੰ ਉਸ ਸਮੇਂ ਮਾਰ ਦਿੱਤਾ ਜਦੋਂ ਬੱਚਾ ਆਪਣੇ ਦਾਦਾ-ਦਾਦੀ ਨਾਲ ਸੌਣ ਲਈ ਜ਼ੋਰ ਦੇ ਰਿਹਾ ਸੀ । ਘਟਨਾ ਤੋਂ ਬਾਅਦ ਪੁਲਿਸ ਨੇ ਮਾਮਲਾ ਦਰਜ ਕੀਤਾ ਅਤੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਸੀ। ਆਪਣੇ ਬਿਆਨ ਵਿੱਚ ਅਵਤਾਰ ਸਿੰਘ ਨੇ ਦੱਸਿਆ ਕਿ ਉਸਦਾ ਪੋਤਾ ਅਰਸ਼ਪ੍ਰੀਤ ਸਿੰਘ ਆਪਣੀ ਦਾਦੀ ਚਰਨਜੀਤ ਕੌਰ ਦੇ ਬਹੁਤ ਨੇੜੇ ਸੀ ਅਤੇ ਉਸਨੂੰ ਬਹੁਤ ਪਿਆਰ ਕਰਦਾ ਸੀ । ਪਰ ਦਾਦੀ ਪੋਤੇ ਦਾ ਇਹ ਪਿਆਰ ਸਾਡੀ ਨੂੰਹ ਕੁਲਵਿੰਦਰ ਕੌਰ ਨੂੰ ਰਾਸ ਨਹੀਂ ਆਉਂਦਾ ਸੀ, ਜਿਸ ਨੂੰ ਲੈ ਕੇ ਪਰਿਵਾਰ ਦੇ ਹੋਰ ਮੈਂਬਰਾਂ ਵਿਚਕਾਰ ਅਕਸਰ ਬਹਿਸ ਹੁੰਦੀ ਰਹਿੰਦੀ ਸੀ । 8 ਜੂਨ 2020 ਨੂੰ ਜਦੋਂ ਬੱਚਾ ਇੱਕ ਵਾਰ ਫਿਰ ਆਪਣੀ ਦਾਦੀ ਨਾਲ ਸੌਣ 'ਤੇ ਜ਼ੋਰ ਦਿੰਦਾ ਸੀ ਤਾਂ ਝਗੜਾ ਇਸ ਹੱਦ ਤੱਕ ਵੱਧ ਗਿਆ ਕਿ ਰਾਤ ਨੂੰ ਕੁਲਵਿੰਦਰ ਨੇ ਉਸ ਦੇ ਪੁੱਤਰ ਦਾ ਕਤਲ ਕਰ ਦਿੱਤਾ ।

ਘਟਨਾ ਵਾਲੀ ਰਾਤ ਲਗਭਗ 9:30 ਵਜੇ ਅਵਤਾਰ ਸਿੰਘ ਅਤੇ ਉਸ ਦੀ ਪਤਨੀ ਘਰ ਦੀ ਲਾਬੀ ਵਿੱਚ ਬੈਠੇ ਸਨ, ਜਦੋਂ ਕਿ ਕੁਲਵਿੰਦਰ ਕੌਰ ਆਪਣੇ ਪੁੱਤਰ ਅਰਸ਼ਪ੍ਰੀਤ ਨਾਲ ਇੱਕ ਕਮਰੇ ਦੇ ਅੰਦਰ ਸੀ । ਅਚਾਨਕ ਬੱਚੇ ਦੀਆਂ ਚੀਕਾਂ ਸੁਣਾਈ ਦਿੱਤੀਆਂ। ਜਦੋਂ ਜੋੜਾ ਕਮਰੇ ਵਿੱਚ ਭੱਜਿਆ ਤਾਂ ਉਨ੍ਹਾਂ ਨੇ ਅਰਸ਼ਪ੍ਰੀਤ ਨੂੰ ਬਿਸਤਰੇ 'ਤੇ ਖੂਨ ਨਾਲ ਲੱਥਪੱਥ ਪਿਆ ਦੇਖਿਆ, ਜਦੋਂ ਕਿ ਕੁਲਵਿੰਦਰ ਕੌਰ ਉੱਥੇ ਸਬਜ਼ੀ ਵਾਲਾ ਚਾਕੂ ਫੜੀ ਖੜ੍ਹੀ ਸੀ। ਦੋਸ਼ ਹੈ ਕਿ ਕੁਲਵਿੰਦਰ ਕੌਰ ਨੇ ਮੌਕੇ ਤੋਂ ਭੱਜਣ ਤੋਂ ਪਹਿਲਾਂ ਆਪਣੇ ਪੁੱਤਰ ਦੇ ਪੇਟ ਵਿੱਚ ਦੋ ਵਾਰ ਚਾਕੂ ਮਾਰਿਆ ਸੀ । ਗੰਭੀਰ ਜ਼ਖਮੀ ਅਰਸ਼ਪ੍ਰੀਤ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਉਹ ਰਸਤੇ ਵਿੱਚ ਹੀ ਜ਼ਖਮਾਂ ਦੀ ਤਾਬ ਨਾ ਝੱਲਦਾ ਦਮ ਤੋੜ ਗਿਆ। ਘਟਨਾ ਤੋਂ ਬਾਅਦ ਪੁਲਿਸ ਨੇ ਜਾਂਚ ਸ਼ੁਰੂ ਕੀਤੀ ਅਤੇ ਕਤਲ ਲਈ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ । ਗਵਾਹਾਂ ਦੇ ਬਿਆਨਾਂ, ਸਬੂਤਾਂ ਅਤੇ ਜਾਂਚ ਦੇ ਨਤੀਜਿਆਂ ਦੇ ਆਧਾਰ 'ਤੇ ਅਦਾਲਤ ਨੇ ਕੁਲਵਿੰਦਰ ਕੌਰ ਨੂੰ ਦੋਸ਼ੀ ਪਾਇਆ। ਆਪਣੇ ਫੈਸਲੇ ਵਿੱਚ ਅਦਾਲਤ ਨੇ ਕਿਹਾ ਕਿ ਇਹ ਇੱਕ ਬਹੁਤ ਹੀ ਗੰਭੀਰ ਅਤੇ ਸੰਵੇਦਨਸ਼ੀਲ ਮਾਮਲਾ ਹੈ, ਜਿਸ ਵਿੱਚ ਇੱਕ ਮਾਂ ਨੇ ਆਪਣੇ ਮਾਸੂਮ ਪੁੱਤਰ ਦੀ ਜਾਨ ਲੈ ਲਈ। ਅਜਿਹੇ ਅਪਰਾਧ ਲਈ ਸਖ਼ਤ ਸਜ਼ਾ ਦੇਣਾ ਬਹੁਤ ਜ਼ਰੂਰੀ ਹੈ ਤਾਂ ਜੋ ਸਮਾਜ ਨੂੰ ਇੱਕ ਸਪੱਸ਼ਟ ਸੁਨੇਹਾ ਭੇਜਿਆ ਜਾ ਸਕੇ।

SHAM LAL CHANDER ID no. 921760
BUILDING MAINTENANCE HANDYMAN
(CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

ਕਸਬਾ ਕਾਠਗੜ੍ਹ ਵਿੱਚ ਲਾਲ ਲਕੀਰ ਅੰਦਰ ਮਕਾਨ ਦੇ ਕਿਰਾਏਦਾਰਾਂ ਨੇ ਸਰਵਾਂ ਕਰਨ ਆਏ ਸਰਪੰਚ ਅਤੇ ਮੋਹਤਵਰਾਂ ਨੂੰ ਕਿਰਾਏਦਾਰਾਂ ਨੇ ਬਣਾਇਆ ਬੰਧਕ

ਨਵਾਂਸ਼ਹਿਰ /ਕਾਠਗੜ੍ਹ 31 ਮਾਰਚ (ਜਤਿੰਦਰ ਪਾਲ ਸਿੰਘ ਕਲੇਰ) ਪੰਜਾਬ ਸਰਕਾਰ ਵਲੋਂ ਪੰਜਾਬ ਭਰ ਵਿੱਚ ਜੋ ਲਾਲ ਲਕੀਰ ਦਾ ਸਰਵੇ ਕਰਾਉਣ ਦੀ ਸਕੀਮ ਚਲਾਈ ਜਾ ਰਹੀ ਹੈ ਜਿਸ ਤਹਿਤ ਅੱਜ ਕਸਬਾ ਕਾਠਗੜ੍ਹ ਵਿੱਚ ਉਦੋਂ ਵੱਡਾ ਹੰਗਾਮਾ ਸ਼ੁਰੂ ਹੋ ਗਿਆ ਜਦੋਂ ਸਵਰਗਵਾਸੀ ਡਾ ਅਯੁੱਧਿਆ ਸ਼ਰਮਾ ਦੇ ਘਰ ਪਿੰਡ ਦੀ ਸਰਪੰਚ ਸ੍ਰੀਮਤੀ ਰਿਸ਼ੂ ਬਾਲਾ ਉਹਨਾਂ ਦੇ ਪਤੀ ਸੇਵਾਦਾਰ ਕੁਲਦੀਪ ਕੁਮਾਰ, ਵਿਸ਼ਾਲ ਅਨੰਦ ਸਮੇਤ ਪਿੰਡ ਦੇ ਹੋਰ ਵੀ ਕਈ ਮੋਹਤਬਾਰ ਜਿਨਾਂ ਨੂੰ ਡਾਕਟਰ ਅਯੁੱਧਿਆ ਸ਼ਰਮਾ ਦੀ ਲੜਕੀ ਅਰੁਣ ਸ਼ਰਮਾ ਪਤਨੀ ਨਰਿੰਦਰ ਪਾਲ ਵਾਸੀ ਕਾਠਗੜ੍ਹ ਹਾਲ ਅਬਾਦ ਆਦਰਸ਼ ਨਗਰ ਬੱਸੀ ਮੋਹਾਲੀ ਦੇ ਕਾਠਗੜ੍ਹ ਵਿਖੇ ਪਹੁੰਚੇ ਉਨ੍ਹਾਂ ਦੇ ਘਰ ਪਹੁੰਚੇ ਤਾਂ ਉੱਥੇ ਜੋ ਕਿਰਾਏਦਾਰ ਸੇਠੀ ਪੁੱਤਰ ਰਤਨਚੰਦ ਪਿੰਡ ਅਤੇ ਉਸ ਦੀ ਘਰ ਵਾਲੀ ਰਚਨਾ ਬੈਠ ਕੇ ਜਦੋਂ ਲਾਲ ਲਕੀਰ ਸਬੰਧੀ ਗੱਲ ਰਹੇ ਸਨ। ਤਾਂ ਉਹੋ ਅਚਾਨਕ ਜ਼ੋਰ ਜ਼ੋਰ ਨਾਲ ਗਾਲੀ ਗਲੋਚ ਕਰਨ ਲੱਗ ਪਏ ਅਤੇ ਸਰਪੰਚ ਅਤੇ ਉਸ ਦੇ ਘਰ ਵਾਲੇ ਨੂੰ ਜਾਤੀ ਸੂਚਕ ਸ਼ਬਦ ਬੋਲ ਕੇ ਉਨ੍ਹਾਂ ਨੇ ਸਰਪੰਚਣੀ ਅਤੇ ਉਸ ਦੇ ਨਾਲ ਆਏ ਮੋਹਤਵਰਾਂ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ ਅਤੇ ਇਹਨਾਂ ਨੂੰ ਅੰਦਰ ਦੇਖ ਪਿੱਛੇ ਤੋਂ ਗੇਟ ਨੂੰ ਜੰਦਰਾ ਲਗਾ ਦਿੱਤਾ ਅਤੇ ਇਹਨਾਂ ਸਾਰਿਆਂ ਨੂੰ ਜਾਤੀ ਸੂਚਕ ਸ਼ਬਦ ਬੋਲਕੇ ਗੰਦੀਆਂ ਗਾਲਾਂ ਕੱਢੀਆਂ ਅਤੇ ਸਰਪੰਚ ਅਤੇ ਮੋਹਤਵਰਾਂ ਨੂੰ ਕਿਡਨੈਪ ਕਰ ਲਿਆ। ਜਦੋਂ ਸਰਪੰਚ ਰਿਸ਼ੂ ਬਾਲਾ ਨੇ ਆਪਣੇ ਬਚਾਅ ਲਈ ਫੋਨ ਕਰਕੇ ਆਪਣੇ ਪਿੰਡ ਅਤੇ ਮਹੁੱਲੇ ਵਿੱਚ ਇਸ ਘਟਨਾ ਵਾਰੇ ਦੱਸਿਆਂ ਤਾਂ ਇਹ ਪਿੰਡ ਜੰਗਲ ਦੀ ਅੱਜ ਵਾਂਗ ਫੈਲ ਗਈ। ਜਿਸ ਕਾਰਨ ਪਿੰਡ ਦੇ ਬਹੁਤ ਸਾਰੇ ਲੋਕ ਗਿਣਤੀ ਗੁੱਸੇ ਵਿੱਚ ਆ ਕੇ ਮੌਕੇ ਪਹੁੰਚ ਅਤੇ ਇਸ ਘਟਨਾ ਦਾ ਪਤਾ ਲੱਗਦਿਆਂ ਹੀ ਥਾਣਾ ਦੇ ਅਭਿਸ਼ੇਕ ਸ਼ਰਮਾ ਸਮੇਤ ਪੁਲਿਸ ਤਰੁੰਤ ਮੌਕੇ ਗਏ ਜਿਨ੍ਹਾਂ ਦੀ ਹਾਜ਼ਰੀ ਵਿੱਚ ਨਗਰ ਨਿਵਾਸੀਆਂ ਨੇ ਗੇਟ ਤੋੜ ਸਰਪੰਚ ਰਿਸ਼ੂ ਬਾਲਾ ਨੂੰ ਇਹਨਾਂ ਦੇ ਚੁੰਗਲ ਚੋ ਅਜ਼ਾਦ ਕਰਵਾਇਆ ਕਿਰਾਏਦਾਰ ਸੇਠੀ ਅਤੇ ਉਸਦੀ ਪਤਨੀ ਰਚਨਾ ਵਲੋਂ

ਕਾਠਗੜ੍ਹ ਸਰਪੰਚ ਬਾਲਾ ਕਿਡਨੈਪ ਕਰਨ ਉਹਨਾਂ ਨੂੰ ਬਾਹਰ ਕੱਢਣ ਲਈ ਤੋੜਿਆ ਮੈਨ ਗੇਟ ਦ੍ਰਿਸ਼ ਅਤੇ ਘਟਨਾ ਮੌਕੇ ਵੱਡੀ ਗਿਣਤੀ ਵਿੱਚ ਇੱਕਠੇ ਹੋਏ ਲੋਕ। ਇਸ ਸਬੰਧੀ ਜਾਣਕਾਰੀ ਦਿੰਦੇ ਸਰਪੰਚ ਰਿਸ਼ੂ, ਇਫਟੂ ਆਗੂ ਅਵਤਾਰ ਸਿੰਘ ਤਾਰੀ, ਅਤੇ ਮਾਲਕ ਅਰੁਣ ਸ਼ਰਮਾ ਅਤੇ ਡੀਐਸਪੀ ਬਲਾਚੌਰ ਹੇਮੰਤ ਮਲਹੋਤਰਾ ਅਤੇ ਐਸ ਐਚ ਓ ਅਭਿਸ਼ੇਕ ਸ਼ਰਮਾ ਸੇਵਾਦਾਰ ਕਾਲੇਸ਼ਾਹ ਨਾਲ ਹਾਲਚਾਲ ਪੁੱਛਦੇ ਹੋਏ।

ਕੀਤੀ ਗਈ ਧੱਕਾਮੁੱਕੀ ਦੌਰਾਨ ਸੇਵਾਦਾਰ ਸਾਂਈ ਕਾਲੇਸ਼ਾਹ ਜੋ ਕਿ ਹਾਰਟ ਦੇ ਮਰੀਜ਼ ਦੀ ਅਚਾਨਕ ਤਬੀਅਤ ਖਰਾਬ ਹੋ ਗਈ। ਜਿਨ੍ਹਾਂ ਨੂੰ ਮੌਕੇ ਤੇ ਹੀ ਡਾਕਟਰ ਬੁਲਾ ਕੇ ਉਨ੍ਹਾਂ ਨੂੰ ਡਾਕਟਰੀ ਸਹਾਇਤਾ ਦਿੱਤੀ ਗਈ ।ਇਸ ਮੌਕੇ ਡਾਕਟਰ ਅਯੁੱਧਿਆ ਸ਼ਰਮਾ ਦੀ ਲੜਕੀ ਅਰੁਣ ਸ਼ਰਮਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਅਸੀਂ ਸੇਠੀ ਪੁੱਤਰ ਰਤਨ ਚੰਦ ਵਾਸੀ ਕਲਾਰ ਥਾਣਾ ਕਾਠਗੜ੍ਹ ਨੂੰ ਆਪਣੇ ਮਕਾਨ ਕਿਰਾਏ ਤੇ ਦਿੱਤਾ ਹੋਇਆ ਸੀ ਜਿਸ ਦੀ ਇਹਨਾਂ ਨੇ ਕਬਜ਼ਾ ਕਰਨ ਦੀ ਨੀਅਤ ਨਾਲ ਭੰਨਤੋੜ ਕਰਕੇ ਇੱਕ ਸੈਂਡ ਬਣਾ ਲਿਆ ਸਾਡੇ ਦਰਵਾਜ਼ੇ ਪੁੱਟ ਸਾਡਾ ਕੀਮਤੀ ਸਮਾਨ ਵੀ ਖੁਰਦ ਬੁਰਦ ਕਰ ਦਿੱਤਾ ਉਸ ਨੇ ਦੱਸਿਆ ਸਰਪੰਚ ਰਿਸ਼ੂ ਬਾਲਾ ਨੇ ਫੋਨ ਕਰਕੇ ਲਾਲ ਲਕੀਰ ਸਬੰਧੀ ਦੱਸਿਆਂ ਜਿਸ ਕਰਕੇ ਅਸੀ ਅੱਜ ਮੌਕੇ ਤੇ ਪਹੁੰਚੇ ਜਦੋਂ ਅਸੀ ਆ ਘਰ ਦੀ ਹਾਲਤ ਦੇਖੀ ਤਾਂ ਸਾਡੀ ਹੈਰਾਨੀ ਦੀ ਕੋਈ ਵੀ ਹੱਦ ਨਹੀ ਰਹੀ। ਅਰੁਣ ਸ਼ਰਮਾ ਨੇ ਅੱਗੇ ਦੱਸਿਆ ਕਿ ਜੇਕਰ ਅੱਜ ਪਿੰਡ ਦੀ ਸਰਪੰਚ ਜਾ ਹੋਰ ਮੋਹਤਬਾਰ ਸਾਡੇ ਨਾਲ ਨਾ ਹੁੰਦੇ ਤਾਂ ਇਹ ਕਿਰਾਏਦਾਰ ਜਾਨੋਂ ਵੀ ਮਾਰ ਸਕਦੇ ਸਨ। ਇਸ ਮੌਕੇ ਇਹਨਾਂ ਕਿਰਾਏਦਾਰਾਂ ਵਲੋਂ ਇੱਟਾਂ ਰੋੜੇ ਚਲਾਉਣ ਦੀ ਖੁੱਲ ਕੇ ਵਰਤੋਂ ਕੀਤੀ ਗਈ ਜਿਸ ਵਿੱਚ ਸੀਮਾ ਰਾਣੀ (ਬੱਬਲੀ)ਪਤਨੀ ਨਰਿੰਦਰ ਕੁਮਾਰ ਵਾਸੀ ਕਾਠਗੜ੍ਹ ਦੀ ਪੁੜਪੁੜੀ ਵਿੱਚ ਇੱਟ ਵੱਜਣ ਨਾਲ ਉਹ ਖੂਨ ਨਾਲ ਲੱਥਪਥ ਹੋ ਜਿਸ ਨੂੰ ਇਲਾਜ਼ ਲਈ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਇਸ ਘਟਨਾ ਦੀ ਖਬਰ ਸੁਣਦੀਆਂ ਜਿਲ੍ਹਾਂ ਕਾਂਗਰਸ ਪ੍ਰਧਾਨ ਅਜੇ ਮੰਗੂਪੁਰ ਮੌਕੇ ਪਹੁੰਚ ਜਿਨ੍ਹਾਂ ਨੇ ਸਾਰੀ ਘਟਨਾ ਦਾ ਵੇਰਵਾ ਲੈ ਕੇ ਪੁਲਿਸ ਅਧਿਕਾਰੀਆਂ ਨੂੰ ਦੋਸ਼ੀਆਂ ਖਿਲਾਫ ਤਰੁੰਤ ਬਣਦੀ ਕਾਰਵਾਈ ਕਰਨ ਕਿਹਾ ਇਸ ਮੌਕੇ ਡੀ ਐਸ ਪੀ ਬਲਾਚੌਰ ਹੇਮੰਤ ਮਲਹੋਤਰਾ ਮੌਕੇ ਤੇ ਪਹੁੰਚ ਗਏ ਜਿਨ੍ਹਾਂ ਇਸ ਘਟਨਾ ਦੀ ਬਾਰਿਕੀ ਨਾਲ ਜਾਂਚ ਸ਼ੁਰੂ ਕੀਤੀ ਅਤੇ ਗ੍ਰਾਮ ਪੰਚਾਇਤ ਦੀ ਰਿਸ਼ੂ ਬਾਲਾ ਅਤੇ ਹੋਰ ਮੋਹਰਬਰਾਂ ਜਲਦੀ ਇਨਸਾਨ ਦਿਵਾਉਣ ਦਾ ਭਰੋਸਾ ਦਿੱਤਾ ।ਇਸ ਮੌਕੇ ਸ਼ੁਭਾਸ਼ ਆਨੰਦ ਕਾਠਗੜ੍ਹ, ਅਵਤਾਰ ਸਿੰਘ ਤਾਰੀ ਕਾਮ-ਰੇਡ, ਪੈਨੀ ਪਹਿਲਵਾਨ ਬਲਾਕ ਸੰਮਤੀ ਮੈਂਬਰ ਕਾਠਗੜ੍ਹ, ਸੁਖਵਿੰਦਰ ਸਿੰਘ ਬਾਜਵਾ, ਜੋਗਿੰਦਰ ਪਾਲ ਦੱਤ ਸਾਬਕਾ ਸਰਪੰਚ,ਬੱਬਲੂ ਅਨੰਦ, ਪਿੰਕੀ ਅਨੰਦ, ਰਮਨ ਘਈ, ਸਤੀਸ਼ ਘਈ, ਕੁਸ਼ਲ ਘਈ ਸਮੇਤ ਪਿੰਡ ਵਾਸੀ ਅਤੇ ਔਰਤਾਂ ਵੱਡੀ ਗਿਣਤੀ ਵਿੱਚ ਸਨ।

ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ ਉਤੇ ਹਮਲੇ ਵਿਰੁੱਧ ਮੋਰਿੰਡਾ ਵਿਖੇ ਰੋਸ ਪ੍ਰਦਰਸ਼ਨ

ਮੋਰਿੰਡਾ, 31 ਮਾਰਚ (ਸੁਖਵਿੰਦਰ ਸਿੰਘ ਹੈਪੀ)- ਅਮਰੀਕਾ ਤੇ ਇਜ਼ਰਾਇਲ ਵੱਲੋਂ ਇਰਾਨ ਤੇ ਕੀਤੇ ਜਾ ਰਹੇ ਹਮਲੇ ਵਿਰੁੱਧ ਮਜ਼ਦੂਰ, ਮੁਲ-ਾਜ਼ਮ ਤਾਲਮੇਲ ਕੇਂਦਰ ਵਲੋਂ ਕਨਵੀਨਰ ਜਗਦੀਸ਼ ਕੁਮਾਰ ਦੀ ਅਗਵਾਈ ਹੇਠ ਅੱਜ ਮੋਰਿੰਡਾ ਵਿਖੇ ਰੋਸ ਪ੍ਰਦਰਸ਼ਨ ਕੀਤਾ ਗਿਆ। ਜਿਸ ਵਿੱਚ ਵੱਖ ਵੱਖ ਮਜ਼ਦੂਰ, ਮੁਲਾਜ਼ਮ ਜਥੇਬੰਦੀਆਂ ਦੇ ਵਲੰਟੀਅਰਜ਼ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤਾਲਮੇਲ ਕੇਂਦਰ ਦੇ ਕੋ ਕਨਵੀਨਰ ਭਾਗ ਸਿੰਘ ਨੇ ਦੱਸਿਆ ਕਿ ਅਮਰੀਕਾ ਆਪਣੀ ਸਾਮਰਾਜੀ ਲੁੱਟ ਦੇ ਪੰਜੇ ਫੈਲਾਉਣ, ਸੰਸਾਰ ਤੇ ਆਪਣੀ ਚੌਧਰ , ਧੌਂਸ ਜਮਾਉਣ ਲਈ ਵੱਖ-ਵੱਖ ਦੇਸ਼ਾਂ ਅੰਦਰ ਰਾਜ ਪਲਟੇ ਕਰਕੇ ਧੱਕੇਸ਼ਾਹੀ ਨਾਲ ਜੰਗਾਂ ਮੜ ਕੇ ਲੋਕਾਂ ਤੇ ਕਹਿਰ ਵਰਸਾਉਣ ਦੇ ਮਨੁੱਖਤਾ ਵਿਰੋਧੀ ਕੁਕਰਮ ਕਰਨ ਚੋਂ ਲੱਗਿਆ ਹੋਇਆ ਹੈ। ਗੈਸ ਤੇ ਤੇਲ ਭੰਡਾਰਾਂ ਵਾਲੇ ਦੇਸਾਂ ਚੋਂ ਰਾਜ ਪਲਟੇ ਕਰਵਾ ਕੇ ਆਪਣੀਆਂ ਕੱਠ ਪੁਤਲੀਆਂ ਸਰਕਾਰਾਂ ਰਾਹੀਂ ਉਹਨਾਂ ਦੇਸ਼ਾਂ ਵਿੱਚ ਆਪਣੇ ਫੌਜੀ ਅੱਡੇ ਬਣਾ ਲਏ ਹਨ। ਵੈਨੇਜ਼ੁਏਲਾ ਦੇ ਰਾਸ਼ਟਰਪਤੀ ਨੂੰ ਡਾਕੂਆ ਵਾਂਗ ਅਗਵਾਹ ਕਰਕੇ ਲੈ ਗਿਆ ਹੈ। ਉੱਥੇ ਆਪਣੀ ਕੱਠਪੁਤਲੀ ਸਰਕਾਰ ਬਣਾ ਦਿੱਤੀ ਹੈ।ਤੇਲ ਭੰਡਾਰਾਂ ਤੇ ਕਬਜ਼ਾ ਕਰਕੇ ਸੰਸਾਰ ਤੇ ਆਪਣੀ ਚੌਧਰ ਕਾਇਮ ਕਰਨ ਦੇ ਮਕਸਦ ਵਿੱਚ ਇਰਾਨ

ਅੜਿੱਕਾ ਬਣਨ ਕਰਕੇ ਅਮਰੀਕਾ ਦੀਆਂ ਅੱਖਾਂ ਵਿੱਚ ਰੜਕਦਾ ਹੈ । ਇਸੇ ਲਈ ਅਮਰੀਕਾ ਅਤੇ ਇਜਰਾਇਲ ਨੇ ਮਨਘੜਤ ਬਹਾਨੇ ਬਣਾ ਕੇ ਇਰਾਨ ਤੇ ਹਮਲਾ ਕਰ ਦਿੱਤਾ ਹੈ । ਜਿਸ ਦਾ ਇਰਾਨ ਆਪਣੇ ਕੌਮੀ ਸਵੈਮਾਨ ਦੀ ਰਾਖੀ ਲਈ ਕਰਾਰਾ ਜਵਾਬ ਦੇ ਰਿਹਾ ਹੈ। ਇਸ ਨਿਹੱਕੀ ਜੰਗ ਕਾਰਨ ਕਈ ਦੇਸ਼ਾਂ ਦੇ ਲੋਕ ਗੈਸ ਅਤੇ ਤੇਲ ਦਾ ਸੰਕਟ ਪੈਦਾ ਹੋ ਗਿਆ ਹੈ। ਇਸ ਕਾਰਨ ਤੇਲ ਤੇ ਗੈਸ ਦੇ ਰੇਟ ਵਧਣ ਕਾਰਨ ਮਹਿੰਗਾਈ ਬਹੁਤ ਵੱਧ ਗਈ ਹੈ । ਸਾਡੇ ਦੇਸ਼ ਦੀ ਮੋਦੀ ਸਰਕਾਰ, ਅਮਰੀਕਾ ਇਜਰਾਇਲ ਦੇ ਪੱਖ ਵਿੱਚ ਖੜ ਕੇ ਅਮਰੀਕਾ ਦੇ ਅੱਗੇ ਸਿਰ ਨਿਵਾ ਕੇ ਮੰਨ ਰਿਹਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਅਮਰੀਕਾ ਨਾਲ ਮੁਕਤ ਵਪਾਰ ਸਮਝੌਤਾ ਕਰਕੇ ਲੋਕਾਂ ਨਾਲ ਧਰੋ ਕਮਾਇਆ ਹੈ । ਇਸ ਨਾਲ ਖੇਤੀ ਸੰਨਤ ਤੇ ਛੋਟੇ ਵਪਾਰੀਆਂ ਦੇ ਕਾਰੋਬਾਰ ਨੇ ਤਬਾਹ ਹੋ ਜਾਣਾ ਹੈ ਅਤੇ ਬੇਰੁਜ਼ਗਾਰੀ ਵਿੱਚ ਵਾਧਾ ਹੋਣਾ ਹੈ। ਇਸ ਵਿਰੋਧ ਪ੍ਰਦਰਸ਼ਨ ਨੂੰ ਸੰਬੋਧਨ ਕਰਦਿਆਂ ਪੈਨਸ਼ਨ ਐਸੋਸੀਏਸ਼ਨ ਦੇ ਪ੍ਰਧਾਨ ਹਰਭਜਨ ਸਿੰਘ ,ਜਲ ਸਪਲਾਈ ਐਂਡ ਸੈਨੀਟੇਸ਼ਨ ਵਰਕਰ ਯੂਨੀਅਨ ਦੇ ਪ੍ਰਧਾਨ ਮਨਦੀਪ ਸਿੰਘ ,ਪਾਵਰਕਾਮ ਐਂਡ ਟਰਾਸਕੋ ਠੇਕਾ ਮੁਲਾਜ਼ਮ ਯੂਨੀਅਨ ਦੇ ਪ੍ਰਧਾਨ ਜੰਗ ਸਿੰਘ ਅਤੇ ਟੈਕਨੀਕਲ ਸਰਵਿਸ ਯੂਨੀਅਨ ਦੇ ਪ੍ਰਧਾਨ ਦਵਿੰਦਰ ਸਿੰਘ ਨੇ ਮੰਗ ਕੀਤੀ ਈਰਾਨ ਤੇ ਮੜੀ ਨਿਹੱਕੀ ਜੰਗ ਬੰਦ ਕੀਤੀ ਜਾਵੇ । ਅਮਰੀਕਾ ਨਾਲ ਕੀਤਾ ਮੁਕਤ ਵਪਾਰ ਸਮਝੌਤਾ ਰੱਦ ਕੀਤਾ ਜਾਵੇ । ਅਮਰੀਕਾ ਇਜਰਾਇਲ ਨਾਲ ਕੀਤੀਆ ਫੌਜੀ ਸੰਧੀਆਂ ਰੱਦ ਕੀਤੀਆਂ ਜਾਣ । ਬੀਜ ਬਿਲ, ਬਿਜਲੀ ਬਿੱਲ ਅਤੇ ਕਿਰਤ ਕੋਡ ਰੱਦ ਕੀਤੇ ਜਾਣ । ਇਸ ਰੋਸ ਪ੍ਰਦਰਸ਼ਨ ਨੂੰ ਮਜ਼ਦੂਰ, ਮੁਲਾਜ਼ਮ ਤਾਲਮੇਲ ਕੇਂਦਰ ਬਲਾਕ ਮੋਰਿੰਡਾ ਅਤੇ ਵੱਖ ਵੱਖ ਮੁਲਾਜ਼ਮ ਅਤੇ ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਨੇ ਵੀ ਸੰਬੋਧਨ ਕੀਤਾ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

ਗਰੂਮਿੰਗ ਗੈਂਗਜ਼ ਕਾਂਡ ਦੀ ਰਾਸ਼ਟਰੀ ਜਾਂਚ 'ਚ ਜਾਤੀ ਅਤੇ ਧਰਮ ਦੀ ਵੀ ਪੜਤਾਲ ਹੋਵੇਗੀ

ਲੈਸਟਰ (ਇੰਗਲੈਂਡ), 31 **ਮਾਰਚ (ਸੁਖਜਿੰਦਰ ਸਿੰਘ ਢੱਡੇ)** ਬਰਤਾਨੀਆ ਵਿੱਚ ਚਰਚਿਤ ਗਰੂਮਿੰਗ ਗੈਂਗਜ਼ ਕਾਂਡ ਦੀ ਰਾਸ਼ਟਰੀ ਜਾਂਚ ਦੇ ਦਾਇਰੇ ਬਾਰੇ ਨਵੇਂ ਵੇਰਵੇ ਸਾਹਮਣੇ ਆਏ ਹਨ। ਸਰਕਾਰ ਵੱਲੋਂ ਐਲਾਨ ਕੀਤੀ ਗਈ ਇਸ ਸੁਤੰਤਰ ਜਾਂਚ ਵਿੱਚ ਹੁਣ ਇਹ ਵੀ ਜਾਂਚਿਆ ਜਾਵੇਗਾ ਕਿ ਕੀ ਦੋਸ਼ੀਆਂ ਦੀ ਜਾਤੀ, ਸਭਿਆਚਾਰ ਜਾਂ ਧਰਮ ਨੇ ਇਸ ਘਟਨਾ ਅਤੇ ਉਸਦੇ ਪ੍ਰਬੰਧਨ ਵਿੱਚ ਕੋਈ ਭੂਮਿਕਾ ਨਿਭਾਈ ਸੀ ਜਾਂ ਨਹੀਂ। ਇਹ ਰਾਸ਼ਟਰੀ ਜਾਂਚ ਪਿਛਲੇ ਸਾਲ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਵੱਲੋਂ ਐਲਾਨੀ ਗਈ ਸੀ। ਹੁਣ ਇਸ ਦੀਆਂ ਵਿਸਥਾਰਿਤ ਸ਼ਰਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ ਅਤੇ ਇਹ ਦਸਤਾਵੇਜ਼ ਸੰਸਦ ਵਿੱਚ 13 ਅਪ੍ਰੈਲ ਨੂੰ ਪੇਸ਼ ਕੀਤਾ ਜਾਵੇਗਾ। ਇਸ ਤੋਂ ਬਾਅਦ ਇੰਗਲੈਂਡ ਅਤੇ ਵੇਲਜ਼ ਵਿੱਚ ਬੱਚਿਆਂ ਦੇ ਸਮੂਹਕ ਯੌਨ ਸ਼ੋਸ਼ਣ ਨਾਲ ਜੁੜੇ ਮਾਮਲਿਆਂ ਦੀ ਪੂਰੀ ਜਾਂਚ ਸ਼ੁਰੂ ਹੋ ਜਾਵੇਗੀ। ਇਹ ਜਾਂਚ ਬੈਰੋਨੇਸ ਕੇਸੀ ਦੀ ਰਾਸ਼ਟਰੀ ਆਡਿਟ ਰਿਪੋਰਟ ਤੋਂ ਬਾਅਦ ਬਣਾਈ ਗਈ ਹੈ, ਜਿਸ ਵਿੱਚ ਦਰਸਾਇਆ ਗਿਆ ਸੀ ਕਿ ਸੰਸਥਾਗਤ ਨਾਕਾਮੀਆਂ ਅਤੇ ਪ੍ਰਸ਼ਾਸਨਿਕ ਸੁਸਤਤਾ ਕਾਰਨ ਕਈ ਸਾਲਾਂ ਤੱਕ ਗਰੂਮਿੰਗ ਗੈਂਗਜ਼ ਸਰਗਰਮ ਰਹੇ। ਜਾਂਚ ਇਹ ਵੀ ਵੇਖੇਗੀ ਕਿ ਗਰੂਮਿੰਗ ਗੈਂਗਜ਼ ਕਿਵੇਂ ਕੰਮ ਕਰਦੇ ਸਨ ਅਤੇ ਪੁਲਿਸ, ਸਥਾਨਕ ਕੌਂਸਲਾਂ, ਸਿਹਤ ਸੇਵਾਵਾਂ, ਸਮਾਜਿਕ ਸੇਵਾਵਾਂ ਅਤੇ ਸਕੂਲਾਂ ਨੇ ਇਨ੍ਹਾਂ ਮਾਮਲਿਆਂ ਨਾਲ ਕਿਵੇਂ ਨਜਿੱਠਿਆ। ਇਸ ਜਾਂਚ ਨੂੰ ਕਾਨੂੰਨੀ ਅਧਿਕਾਰ ਦਿੱਤੇ ਗਏ ਹਨ ਜਿਸ ਤਹਿਤ ਗਵਾਹਾਂ ਨੂੰ ਬੁਲਾਇਆ ਜਾ ਸਕੇਗਾ ਅਤੇ ਸੰਸਥਾਵਾਂ ਤੋਂ ਦਸਤਾਵੇਜ਼ ਮੰਗੇ ਜਾ ਸਕਣਗੇ। ਜੇ ਕਿਸੇ ਪੇਸ਼ੇਵਰ ਵੱਲੋਂ ਅਪਰਾਧਿਕ ਲਾਪਰਵਾਹੀ ਜਾਂ ਗਲਤ ਕੰਮ ਦੇ ਸਬੂਤ ਮਿਲਦੇ ਹਨ ਤਾਂ ਉਹ ਮਾਮਲੇ ਆਪਰੇਸ਼ਨ ਬੀਕਨਪੋਰਟ ਨੂੰ ਭੇਜੇ ਜਾਣਗੇ, ਜੋ ਪਿਛਲੇ ਸਾਲ ਸ਼ੁਰੂ ਕੀਤਾ ਗਿਆ ਇੱਕ ਰਾਸ਼ਟਰੀ ਪੁਲਿਸ ਅਭਿਆਨ ਹੈ ਅਤੇ ਸੈਂਕੜਿਆਂ ਬੰਦ ਕੀਤੇ ਕੇਸਾਂ ਦੀ ਦੁਬਾਰਾ ਜਾਂਚ ਕਰ ਰਿਹਾ ਹੈ।

ਇਸ ਜਾਂਚ ਦੀ ਅਗਵਾਈ ਸਾਬਕਾ ਚਿਲਡਰਨਜ਼ ਕਮਿਸ਼ਨਰ ਬੈਰੋਨੇਸ ਲੌਂਗਫੀਲਡ ਕਰਨਗੀਆਂ। ਉਨ੍ਹਾਂ ਕਿਹਾ ਕਿ ਬੱਚਿਆਂ ਨਾਲ ਹੋਏ ਯੌਨ ਸ਼ੋਸ਼ਣ ਦੇ ਮਾਮਲਿਆਂ ਵਿੱਚ ਕਈ ਵਾਰ ਪੀੜਤਾਂ ਦੀਆਂ ਗੱਲਾਂ ਨੂੰ ਗੰਭੀਰਤਾ ਨਾਲ ਨਹੀਂ ਲਿਆ ਗਿਆ ਅਤੇ ਕਈ ਵਾਰ ਉਨ੍ਹਾਂ ਨੂੰ ਹੀ ਦੋਸ਼ੀ ਠਹਿਰਾਇਆ ਗਿਆ। ਉਨ੍ਹਾਂ ਕਿਹਾ ਕਿ ਇਹ ਜਾਂਚ ਸੱਚਾਈ ਸਾਹਮਣੇ ਲਿਆਉਣ ਲਈ ਕੀਤੀ ਜਾ ਰਹੀ ਹੈ ਅਤੇ ਕਿਸੇ ਵੀ ਅਸੁਵਿਧਾਜਨਕ ਸੱਚ ਤੋਂ ਪਿੱਛੇ ਨਹੀਂ ਹਟਿਆ ਜਾਵੇਗਾ।

ਇਸ ਜਾਂਚ ਦੌਰਾਨ ਕਈ ਥਾਵਾਂ 'ਤੇ ਸਥਾਨਕ ਪੱਧਰ 'ਤੇ ਵੀ ਖਾਸ ਪੜਤਾਲ ਕੀਤੀ ਜਾਵੇਗੀ, ਜਿੱਥੇ ਬੱਚਿਆਂ ਦੇ ਯੌਨ ਸ਼ੋਸ਼ਣ ਨਾਲ ਜੁੜੀਆਂ ਗੰਭੀਰ ਨਾਕਾਮੀਆਂ ਸਾਹਮਣੇ ਆਈਆਂ ਹਨ। ਇਨ੍ਹਾਂ ਵਿੱਚ ਓਲਡਹਮ ਉਹਨਾਂ ਪਹਿਲੀਆਂ ਥਾਵਾਂ ਵਿੱਚ ਸ਼ਾਮਲ ਹੈ ਜਿੱਥੇ ਸਥਾਨਕ ਜਾਂਚ ਕੀਤੀ ਜਾਵੇਗੀ। ਗ੍ਰਹਿ ਮੰਤਰੀ ਸ਼ਬਾਨਾ ਮਹਮੂਦ ਨੇ ਕਿਹਾ ਕਿ ਗਰੂਮਿੰਗ ਗੈਂਗਜ਼ ਕਾਂਡ ਦੇਸ਼ ਦੇ ਇਤਿਹਾਸ ਦੇ ਸਭ ਤੋਂ ਹਨੇਰੇ ਅਧਿਆਇਆਂ ਵਿੱਚੋਂ ਇੱਕ ਹੈ। ਉਨ੍ਹਾਂ ਕਿਹਾ ਕਿ ਇਹ ਜਾਂਚ ਇਹ ਪਤਾ ਲਗਾਏਗੀ ਕਿ ਇਹ ਜੁਰਮ ਕਿਵੇਂ ਹੋਣ ਦਿੱਤੇ ਗਏ ਅਤੇ ਜਿੱਥੇ ਵੀ ਨਾਕਾਮੀ ਹੋਈ ਹੈ, ਉਸਨੂੰ ਬੇਨਕਾਬ ਕੀਤਾ ਜਾਵੇਗਾ। ਇਸ ਰਾਸ਼ਟਰੀ ਜਾਂਚ ਦੀ ਮਿਆਦ ਤਿੰਨ ਸਾਲ ਤੱਕ ਹੋਵੇਗੀ ਅਤੇ ਇਹ ਮਾਰਚ 2029 ਤੱਕ ਪੂਰੀ ਹੋਣ ਦੀ ਸੰਭਾਵਨਾ ਹੈ। ਇਸ ਲਈ ਲਗਭਗ 65 ਮਿਲੀਅਨ ਪਾਊਂਡ ਦਾ ਬਜਟ ਰੱਖਿਆ ਗਿਆ ਹੈ ਅਤੇ ਸੁਣਵਾਈਆਂ ਜਨਤਕ ਤੌਰ 'ਤੇ ਕੀਤੀਆਂ ਜਾਣਗੀਆਂ, ਜਿਨ੍ਹਾਂ ਦੀ ਲਾਈਵ ਸਟ੍ਰੀਮਿੰਗ ਵੀ ਕੀਤੀ ਜਾਵੇਗੀ।

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ 6 ਅਪ੍ਰੈਲ ਨੂੰ ਏਡੀਸੀ ਜਗਰਾਉ ਦੇ ਦਫ਼ਤਰ ਦੇ ਘਿਰਾਓ ਦਾ ਐਲਾਨ

ਰਾਏਕੋਟ (ਗੁਰਭਿੰਦਰ ਗੁਰੀ) ਅੱਜ ਸੰਯੁਕਤ ਕਿਸਾਨ ਮੋਰਚੇ ਦੇ ਜ਼ਿਲ੍ਹਾ ਲੁਧਿਆਣਾ ਦੇ ਸੀਨੀਅਰ ਆਗੂ ਵੱਲੋਂ ਇਕ ਵਿਸ਼ੇਸ਼ ਮੀਟਿੰਗ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਅਨੁਸਾਰ 6 ਅਪ੍ਰੈਲ ਦੇ ਪ੍ਰੋਗਰਾਮ ਤਹਿਤ ਸਥਾਨਕ ਇਤਿਹਾਸਕ ਅਸਥਾਨ ਗੁਰਦੁਆਰਾ ਟਾਹਲੀਆਣਾ ਸਾਹਿਬ ਰਾਏਕੋਟ ਵਿਖੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਲੁਧਿਆਣਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਸੰਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆ ਬੀਕੇਯੂ ਡਕੌਂਦਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਹਰਬਖਸ਼ੀਸ਼ ਸਿੰਘ ਰਾਏ ਚੱਕ ਭਾਈ ਕਾ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਲੱਖੋਵਾਲ ਅਤੇ ਪੰਜਾਬ ਕਿਸਾਨ ਯੂਨੀਅਨ ਦੇ ਨੁਮਾਇੰਦਿਆ ਨੇ ਹਿੱਸਾ ਲਿਆ ਅਤੇ ਸਰਵਸੰਮਤੀ ਨਾਲ ਫੈਸਲਾ ਲੈਂਦਿਆ ਏਡੀਸੀ ਜਗਰਾਉਂ ਦੇ ਘਿਰਾਓ ਐਲਾਨ ਕੀਤਾ । ਉਹਨਾਂ ਕਿਹਾ ਕਿ ਸਬੰਧਿਤ ਜਥੇਬੰਦੀਆ ਦੇ ਵਰਕਰ ਜਗਰਾਉ ਦੇ ਮੋਗਾ ਲੁਧਿਆਣਾ ਪੁਲ ਦੇ ਹੇਠਾਂ ਆਪਣਾ ਸਵੇਰੇ 11 ਵਜੇ ਤੋਂ ਲੈਕੇ ਬਾਅਦ ਦੁਪਿਹਰ 3 ਵਜੇ ਤੱਕ ਆਪਣਾ ਵਿਰੋਧ ਪ੍ਰਦਰਸ਼ਨ ਕਰਨਗੇ ਅਤੇ ਆਵਾਜਾਈ ਨੂੰ ਪ੍ਰਵਾਹਿਤ ਨਹੀਂ ਕਰਨਗੇਂ ਅਤੇ ਜੇਕਰ ਏਡੀਸੀ ਜਗਰਾਉਂ ਵੱਲੋਂ ਇਸ ਰੋਸ ਪ੍ਰਦਰਸ਼ਨ ਨੂੰ ਅਣਗੌਲਿਆ ਕੀਤਾ ਗਿਆ ਤਾਂ ਮੌਕੇ ਅਨੁਸਾਰ ਪ੍ਰਦਰਸ਼ਨ ਬਦਲਿਆ ਵੀਂ ਜਾ ਸਕਦਾ ਹੈਂ। ਜਿਸ ਦੀ ਪੂਰਨ ਜਿੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀਂ। ਉਹਨਾਂ ਸਮੂਹ ਕਿਸਾਨ ਆਗੂਆਂ ਨੇ ਗੱਲਬਾਤ ਕਰਦਿਆ ਆਖਿਆ ਕਿ ਪੰਜਾਬ ਤੇ ਕੇਂਦਰ ਸਰਕਾਰ ਕਿਸਾਨਾਂ ਦੀਆ ਮੰਗਾਂ ਨੂੰ ਅਣਗੌਲਿਆ ਕਰਦੀਆਂ ਆ ਰਹੀਆ ਹਨ। ਜਿਸ ਤਰ੍ਹਾਂ ਐਮਐਸਪੀ ਗਾਰੰਟੀ ਕਾਨੂੰਨ ਬਣਾਉਣ, ਬਿਜਲੀ ਸੋਧ ਬਿੱਲ ਵਾਪਸ ਲੈਣ, ਬੀਜ ਬਿੱਲ ਰੱਦ ਕਰਵਾਉਣ, ਕਿਸਾਨਾਂ ਮਜ਼ਦੂਰਾਂ ਦਾ ਕਰਜਾ ਮੁਆਫ ਕਰਵਾਉਣ, ਚਿੱਪ ਵਾਲੇ ਮੀਟਰ ਹਟਾਉਣ, ਪੰਜਾਬ ਦੇ ਪਾਣੀਆਂ ਨੂੰ ਬਚਾਉਣ ਸੰਬੰਧੀ ਹੋਰ ਬਹੁਤ ਸਾਰੀਆਂ ਮੰਗਾਂ ਲਟਕਦੀਆਂ ਆ ਰਹੀਆ ਹਨ। ਇਹਨਾਂ ਮੰਗਾਂ ਸੰਬੰਧੀ 6 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਭਾਰਤ ਸਰਕਾਰ ਲਈ ਮੰਗ ਪੱਤਰ ਪੂਰੇ ਪੰਜਾਬ ਭਰ ਵਿੱਚ ਸੌਂਪੇ ਜਾਣੇ ਹਨ। ਇਸ ਸਮੇਂ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜ਼ਿਲ੍ਹਾ ਮੀਤ ਪ੍ਰਧਾਨ ਬਲਵਿੰਦਰ ਸਿੰਘ ਕਮਾਲਪੁਰਾ, ਬਲਾਕ ਰਾਏਕੋਟ ਪ੍ਰਧਾਨ ਰਣਧੀਰ ਸਿੰਘ ਬੱਸੀਆ, ਬਲਾਕ ਪ੍ਰਧਾਨ ਪੱਖੋਵਾਲ ਗੁਰਵਿੰਦਰ ਸਿੰਘ ਪੱਖੋਵਾਲ, ਬਲਦੇਵ ਸਿੰਘ ਅਕਾਲਗੜ੍ਹ ਖੁਰਦ, ਪ੍ਰਧਾਨ ਗੁਰਜੰਟ ਸਿੰਘ ਗਿੱਲ ਅੱਚਰਵਾਲ, ਬੀਕੇਯੂ ਰਾਜੇਵਾਲ ਦੇ ਜ਼ਿਲ੍ਹਾ ਪ੍ਰਧਾਨ ਮਨਪ੍ਰੀਤ ਸਿੰਘ ਗੋਂਦਵਾਲ, ਬਲਾਕ ਪ੍ਰਧਾਨ ਅਵਤਾਰ ਸਿੰਘ ਤਾਰ ਬਰਮੀਂ, ਪੰਜਾਬ ਕਿਸਾਨ ਯੂਨੀਅਨ ਦੇ ਮਲਕੀਤ ਸਿੰਘ ਭੈਣੀ ਬੜਿੰਗ, ਬੀਕੇਯੂ ਲੱਖੋਵਾਲ ਦੇ ਜ਼ਿਲ੍ਹਾ ਪ੍ਰਧਾਨ ਜੋਗਿੰਦਰ ਸਿੰਘ ਮਲਸੀਹਾਂ ਬਾਜਣ, ਬਲਾਕ ਪ੍ਰਧਾਨ ਰਾਏਕੋਟ ਕਮਲਜੀਤ ਸਿੰਘ ਰੂਪਾਂਪੱਤੀ, ਗੁਰਚਰਨ ਸਿੰਘ ਅੱਚਰਵਾਲ, ਜਸਵੀਰ ਸਿੰਘ ਅਕਾਲਗੜ੍ਹ ਖੁਰਦ, ਬੇਅੰਤ ਸਿੰਘ ਗਿੱਲ, ਜ਼ੋਰਾ ਸਿੰਘ ਅੱਚਰਵਾਲ, ਸਾਧੂ ਸਿੰਘ ਚੱਕ ਭਾਈ ਕਾ, ਹਾਕਮ ਸਿੰਘ ਬਿੰਜਲ, ਅਵਤਾਰ ਸਿੰਘ ਤਾਰੀ ਬਿੰਜਲ, ਚਰਨਜੀਤ ਸਿੰਘ ਕਮਾਲਪੁਰਾ, ਚਮਕੌਰ ਸਿੰਘ ਗਿੱਲ, ਦਵਿੰਦਰ ਸਿੰਘ ਨੱਤ ਬੱਸੀਆ, ਮਨਜਿੰਦਰ ਸਿੰਘ ਲਾਡੀ ਬੱਸੀਆ ਆਦਿ ਹਾਜ਼ਰ ਸਨ।

ਅੱਜ ਮਾਡਲ ਟਾਊਨ ਪੁਲਸ ਦੀ ਢਿੱਲੀ ਕਾਰਗੁਜਾਰੀ ਖਿਲਾਫ ਬਸਪਾ ਵਲੋਂ ਪੁਤਲਾ ਫੂੰਕ ਪ੍ਰਦਰਸ਼ਨ

● ਈ ਰਿਕਸ਼ਾ ਚੋਰ ਮਾਡਲ ਟਾਊਨ ਪੁਲਸ ਨੂੰ ਫੜਾਏ , ਪੁਲਸ ਨੇ ਬਿਨਾ ਮਾਲ ਬਰਾਮਦ ਕਰਾਏ ਛੱਡੇ॥

● 7 ਤਰੀਕ ਸੋਮਵਾਰ ਨੂੰ ਬਸਪਾ ਮਿੰਨੀ ਸੈਕਟਰੀਅਟ ਲਾਏਗੀ ਪੱਕਾ ਧਰਨਾ : ਦਿਨੇਸ਼ ਪੱਪੂ

ਹੁਸ਼ਿਆਰਪੁਰ(ਚਰਨਜੀਤ ਸੱਲ੍ਹਾਂ) ਅੱਜ ਬਹੁਜਨ ਸਮਾਜ ਪਾਰਟੀ ਵਲੋਂ ਦਿਨੇਸ਼ ਕੁਮਾਰ ਪੱਪੂ ਸਾਬਕਾ ਸਕੱਤਰ ਬਸਪਾ ਪੰਜਾਬ ਅਤੇ ਸ਼ਹਿਰੀ ਪ੍ਰਧਾਨ ਵਰਿੰਦਰ ਵੱਧਣ ਦੀ ਅਗਵਾਈ ਵਿਚ ਥਾਣਾ ਮਾਡਲ ਟਾਊਨ ਦੀ ਢਿੱਲੀ ਕਾਰਗੁਜ਼ਾਰੀ ਖ਼ਿਲਾਫ਼ ਪੁਤਲਾ ਫੂਕ ਪ੍ਰਦਰਸ਼ਨ ਕੀਤਾ ਗਿਆ । ਜਿਗਰਯੋਗ ਹੈਂ ਕਿ ਮੁਕੇਸ਼ ਕੁਮਾਰ ਦਾ ਈ ਰਿਕਸ਼ਾ 17 ਫਰਵਰੀ ਨੂੰ ਮਾਡਲ ਟਾਊਨ ਏਰੀਆ ਵਿਚੋਂ ਚੁੱਕਿਆ ਗਿਆ ਸੀ। ਤਾਂ ਮੁਕੇਸ਼ ਕੁਮਾਰ ਨੇ ਆਪ ਹੀ ਭਾਲ ਕਰਦੇ ਹੋਏ 2 ਚੋਰਾ ਨੂੰ ਜਿਨਾ ਨੇ ਈ ਰਿਕਸ਼ਾ ਚੁੱਕਿਆ ਸੀ ਥਾਣਾ ਮਾਡਲ ਟਾਊਨ ਫੜਾ ਦਿਤਾ ਸੀ। ਉਹ ਦੋ ਚੋਰਾਂ ਤੋਂ ਈ ਰਿਕਸ਼ਾ ਦਾ ਢਾਂਚਾ ਬਰਾਮਦ ਹੋ ਗਿਆ ਸੀ ਤੇ ਉਨ੍ਹਾਂ ਚੋਰਾ ਨੇ ਦਸਿਆ ਕਿ ਅਸੀਂ ਬੈਟਰੀਜ਼ ਇਸ ਕਬਾੜ ਵਾਲੇ ਨੂੰ ਵੇਚੀਆਂ ਜੋ ਕਿ

ਬੁਲਓਾਓਦਿ ਰਹਿੰਦਾ ਹੈ। ਅਤੇ ਇਸ ਈ ਰਿਕਸ਼ਾ ਦੇ ਟਾਇਰ ਇਨਾ ਨੇ ਆਦਮਵਾਲ ਦੇ ਇੱਕ ਦੁਕਾਨ ਤੇ ਬੇਚੇ। ਅਤੇ ਇਸਦਾ ਕੰਟਰੋਲਰ ਏਕ ਬੰਦੇ ਨੂੰ ਮਾਡਲ ਟਾਊਨ ਗਹਿਣੇ ਰੱਖਿਆ ਹੋਇਆ ਹੈ।ਪਰ ਹੱਲੇ ਤੱਕ ਮਾਡਲ ਟਾਊਨ ਪੁਲਸ ਨੇ ਇੰਨਾ ਤੋਂ ਕੋਈ ਵੀ ਸਮਾਨ ਰਿਕਵਰ ਨਹੀਂ ਕਰਵਾਇਆ ਉਲਟਾ ਮਾਡਲ ਟਾਊਨ ਥਾਣੇ ਵਾਲੇ ਮੁਕੇਸ਼ ਕੁਮਾਰ ਨੂੰ ਕਹਿ ਰਹੇ ਹਨ ਕਿ ਆਪਣਾ ਸਾਂਝਾ ਚੱਕ ਕੇ ਲੇ ਜਾ ਏਥੇ ਇਹ ਵੀ ਖਰਾਬ ਹੋ ਜਾਣਾ ਹੈ ॥ ਦੋ ਟੈਂਪੂ ਚਕਣ ਵਾਲੇ ਚੋਰ ਅਤੇ ਜਿਹੜਾ ਤਿਨਾ ਨੂੰ ਸਮਾਨ ਵੇਚਿਆ ਪੁਲਸ ਨੂੰ ਚੰਗੀ ਤਰ੍ਹਾਂ ਪਤਾ ਹੈ ॥ਪਰ ਕੋਈ ਵੀ ਕਾਰਵਾਈ ਨਹੀਂ ਹੋ ਰਹੀ ॥ਬਸਪਾ ਆਗੂਆਂ ਨੇ ਚੇਤਾਵਨੀ ਦਿਤੀ ਹੈ ਕਿ ਜੇਕਰ ਇੱਕ ਹਫ਼ਤੇ ਦੇ ਅੰਦਰ ਅੰਦਰ ਮੁਕੇਸ਼ ਕੁਮਾਰ ਦੇ ਈ ਰਿਕਸ਼ਾ ਦਾ ਸਾਮਾਨ ਨਾ ਰੈਕਬਰ ਕਰਵਾਇਆ ਤਾਂ ਮਿੰਨੀ ਸੈਕਟਰੀ ਪੱਕਾ ਧਰਨਾ ਲਾਇਆ ਜਾਏਗਾ। ਇਸ ਮੌਕੇ ਤੇ ਬਸਪਾ ਆਗੂ ਸਤੀਸ਼ ਪਾਲ, ਵਿਜੈ ਕੁਮਾਰ ਬਸੀ ਖਵਾਜੂ , ਪਲਵਿੰਦਰ ਮਾਹਿਲਪੁਰ, ਸੰਜੀਵ ਕੁਮਾਰ ਲਾਡੀ, ਅਸ਼ੋਕ ਕੁਮਾਰ, ਸੁਰਿੰਦਰ ਸਿੰਘ ਦਿਆਲ, ਚੰਦਨ ਮਿੱਤਲ, ਅਕਾਸ਼ ਮਿੱਤਲ, ਸੁਖਵਿੰਦਰ ਸਿੰਘ, ਧਰਮਪਾਲ , ਪਿਆਰਾ ਲਾਲ ਆਦਿ ਸਨ।

ਗੜ੍ਹਸ਼ੰਕਰ ਦੇ ਪਿੰਡ ਨੂਰਪੁਰ ਜੱਟਾਂ ’ਚ ਬਾਬਾ ਸਾਹਿਬ ਦੇ ਬੁੱਤ ਦੀ ਬੇਅਦਬੀ ਵਿਰੁੱਧ ਬਸਪਾ ਦਾ ਹੱਲਾ ਬੋਲ; 18 ਅਪ੍ਰੈਲ ਨੂੰ ਹੋਵੇਗੀ ਵਿਸ਼ਾਲ ਰੈਲੀ

ਗੜ੍ਹਸ਼ੰਕਰ/ਹੁਸ਼ਿਆਰਪੁਰ (ਚਰਨਜੀਤ ਸੱਲ੍ਹਾਂ): ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਅੱਜ ਵਿਧਾਨ ਸਭਾ ਹਲਕਾ ਗੜ੍ਹਸ਼ੰਕਰ ਦੇ ਪਿੰਡ ਨੂਰਪੁਰ ਜੱਟਾਂ ਵਿਖੇ ਸੰਵਿਧਾਨ ਨਿਰਮਾਤਾ ਡਾਕਟਰ ਬੀ.ਆਰ. ਅੰਬੇਡਕਰ ਜੀ ਦੇ ਬੁੱਤ ਦੀ ਹੋਈ ਬੇਅਦਬੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਸਰਕਾਰ ਨੂੰ ਸਿੱਧੀ ਚਿਤਾਵਨੀ ਦਿੱਤੀ ਹੈ।ਡਾ. ਕਰੀਮਪੁਰੀ ਨੇ ਐਲਾਨ ਕੀਤਾ ਕਿ ਜੇਕਰ ਪੁਲਿਸ ਪ੍ਰਸ਼ਾਸਨ ਨੇ ਅਗਲੇ 72 ਘੰਟਿਆਂ ਦੇ ਅੰਦਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਾ ਕੀਤਾ, ਤਾਂ ਬਹੁਜਨ ਸਮਾਜ ਪਾਰਟੀ ਵੱਲੋਂ ਤਿੱਖਾ ਸੰਘਰਸ਼ ਵਿੱਢਦਿਆਂ ਪੱਕਾ ਧਰਨਾ ਲਗਾਇਆ ਜਾਵੇਗਾ।

ਮੁੱਖ ਨੁਕਤੇ ਅਤੇ ਐਲਾਨ:

18 ਅਪ੍ਰੈਲ ਨੂੰ ਮਹਾਂ-ਰੈਲੀ: ਬਾਬਾ ਸਾਹਿਬ ਦੇ ਸਨਮਾਨ ਵਿੱਚ ਬਸਪਾ ਵੱਲੋਂ 18 ਅਪ੍ਰੈਲ ਨੂੰ ਪਿੰਡ ਨੂਰਪੁਰ ਜੱਟਾਂ ਵਿਖੇ ਇੱਕ ਵਿਸ਼ਾਲ ਰੋਸ ਰੈਲੀ ਕੀਤੀ ਜਾਵੇਗੀ।

ਸਰਕਾਰਾਂ ਦੀ ਮਿਲੀਭੁਗਤ: ਡਾ. ਕਰੀਮਪੁਰੀ ਨੇ ਕਿਹਾ ਕਿ ਹੁਣ ਤੱਕ 9 ਵਾਰ ਬਾਬਾ ਸਾਹਿਬ ਦੇ ਬੁੱਤਾਂ ਦੀ ਬੇਅਦਬੀ ਹੋ ਚੁੱਕੀ ਹੈ, ਪਰ ਵਾਰ-ਵਾਰ ਮੰਗ ਕਰਨ ਦੇ ਬਾਵਜੂਦ ਨਾ ਤਾਂ ਪੰਜਾਬ ਦੀ 'ਆਪ' ਸਰਕਾਰ ਨੇ ਅਤੇ ਨਾ ਹੀ ਕੇਂਦਰ ਦੀ ਭਾਜਪਾ ਸਰਕਾਰ ਨੇ ਸੁਰੱਖਿਆ ਦੇ ਕੋਈ ਪੁਖ਼ਤਾ ਇੰਤਜ਼ਾਮ ਕੀਤੇ ਹਨ।

ਮਾਨਸਿਕਤਾ 'ਤੇ ਸਵਾਲ: ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਇਹ ਚੁੱਪ ਸਾਬਤ ਕਰਦੀ ਹੈ ਕਿ ਦੋਵੇਂ ਸਰਕਾਰਾਂ ਦੀ ਮਾਨਸਿਕਤਾ ਅੰਬੇਡਕਰ ਵਿਰੋਧੀ ਹੈ।

"ਪੰਜਾਬ ਸੰਭਾਲੋ ਮੁਹਿੰਮ" ਅਤੇ **ਬਸਪਾ ਦੇ ਸਵਾਲ**

ਡਾ. ਕਰੀਮਪੁਰੀ ਨੇ 'ਪੰਜਾਬ ਸੰਭਾਲੋ ਮੁਹਿੰਮ' ਤਹਿਤ ਮੌਜੂਦਾ ਸਰਕਾਰ 'ਤੇ ਵਰ੍ਹਦਿਆਂ ਹੇਠ ਲਿਖੇ ਮੁੱਦੇ ਚੁੱਕੇ:

ਕਾਨੂੰਨ ਵਿਵਸਥਾ ਦੀ ਫੇਲ੍ਹ ਸਾਬਤ ਹੋਣਾ: ਪੰਜਾਬ ਵਿੱਚ ਦਲਿਤਾਂ ਅਤੇ ਪਛੜੇ ਵਰਗਾਂ ਦੇ ਰਹਿਬਰਾਂ ਦਾ ਅਪਮਾਨ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪੰਜਾਬ ਪੁਲਿਸ ਸੁਰੱਖਿਆ ਦੇਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ।

ਸਿਆਸੀ ਸਾਜ਼ਿਸ਼: ਬਾਰ-ਬਾਰ ਬੁੱਤਾਂ ਦੀ ਬੇਅਦਬੀ ਹੋਣਾ ਕਿਸੇ ਡੂੰਘੀ ਸਿਆਸੀ ਸਾਜ਼ਿਸ਼ ਦਾ ਹਿੱਸਾ ਹੈ ਤਾਂ ਜੋ ਸਮਾਜਿਕ ਭਾਈਚਾਰੇ ਨੂੰ ਭੰਗ ਕੀਤਾ ਜਾ ਸਕੇ।

ਅਧੂਰੇ ਵਾਅਦੇ: 'ਆਪ' ਸਰਕਾਰ ਨੇ ਸਿਰਫ਼ ਵੋਟਾਂ ਲੈਣ ਲਈ ਬਾਬਾ ਸਾਹਿਬ ਦਾ ਨਾਂ ਵਰਤਿਆ ਹੈ, ਜਦਕਿ ਅਸਲ ਵਿੱਚ ਉਨ੍ਹਾਂ ਦੀ ਵਿਚਾਰਧਾਰਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। "ਅਸੀਂ ਚੁੱਪ ਕਰਕੇ ਨਹੀਂ ਬੈਠਾਂਗੇ। ਬਾਬਾ ਸਾਹਿਬ ਸਾਡੀ ਆਨ, ਬਾਨ ਅਤੇ ਸ਼ਾਨ ਹਨ,ਡਾਕਟਰ ਅਵਤਾਰ ਸਿੰਘ ਕਰੀਮਪੁਰੀ ਬਸਪਾ ਪ੍ਰਧਾਨ ਨੇ ਸਮੂਹ ਨਿਆਂਪਸੰਦ ਲੋਕਾਂ ਅਤੇ ਬਸਪਾ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ 18 ਅਪ੍ਰੈਲ ਦੀ ਰੈਲੀ ਵਿੱਚ ਵੱਡੀ ਗਿਣਤੀ ਵਿੱਚ ਪਹੁੰਚ ਕੇ ਸਰਕਾਰ ਦੇ ਲੋਕ-ਵਿਰੋਧੀ ਅਤੇ ਅੰਬੇਡਕਰ-ਵਿਰੋਧੀ ਚਿਹਰੇ ਨੂੰ ਨੰਗਾ ਕਰਨ।

ਬੇਗਮਪੁਰਾ ਇਤਿਹਾਸਕ ਦਮੜੀ ਸ਼ੋਭਾ ਯਾਤਰਾ ਨੂੰ ਲੈ ਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ : ਸੰਤ ਨਿਰਮਲ ਦਾਸ ਜੀ ਬਾਬੇ ਜੋੜੇ

ਹੁਸ਼ਿਆਰਪੁਰ 31 ਮਾਰਚ (ਤਰਸੇਮ ਦੀਵਾਨਾ) - "ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵੱਲੋਂ ਜਲੰਧਰ ਤੋਂ ਹਰਿਦੁਆਰ ਤੱਕ ਸਜਾਈ ਜਾ ਰਹੀ 'ਮਹਾਨ ਇਤਿਹਾਸਕ ਬੇਗਮਪੁਰਾ ਦਮੜੀ ਸ਼ੋਭਾ ਯਾਤਰਾ' ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੁਸਾਇਟੀ ਦੇ ਪ੍ਰਧਾਨ ਅਤੇ ਉੱਘੇ ਅਧਿਆਤਮਕ ਰਹਿਬਰ ਸੰਤ ਨਿਰਮਲ ਦਾਸ ਜੀ ਬਾਬੇ ਜੋੜੇ ਨੇ ਦੱਸਿਆ ਕਿ ਇਹ ਯਾਤਰਾ ਗੁਰੂ ਸਾਹਿਬ ਦੇ ਮਾਨਵਤਾਵਾਦੀ ਸੰਦੇਸ਼ ਅਤੇ ਉਨ੍ਹਾਂ ਦੇ ਜੀਵਨ ਦੇ ਇਤਿਹਾਸਕ ਪਲਾਂ ਨੂੰ ਸਮਰਪਿਤ ਹੈ। ਉਹਨਾਂ ਦੱਸਿਆ ਕਿ ਇਹ ਵਿਸ਼ਾਲ ਸ਼ੋਭਾ ਯਾਤਰਾ 3 ਅਪ੍ਰੈਲ ਨੂੰ ਦੁਪਹਿਰ 1 ਵਜੇ ਰੇਲਵੇ ਸਟੇਸ਼ਨ ਜਲੰਧਰ ਤੋਂ ਅਰਦਾਸ ਉਪਰੰਤ ਆਰੰਭ ਹੋ ਕੇ 4 ਅਪ੍ਰੈਲ ਨੂੰ ਹਰਿਦੁਆਰ ਵਿਖੇ ਨਿਰਮਲਾ ਛਾਉਣੀ ਪਹੁੰਚੇਗੀ ਉਸ ਤੋ ਉਪਰੰਤ 4ਮਾਰਚ ਨੂੰ ਹੀ ਨਿਰਮਲਾ ਛਾਉਣੀ ਆਸ਼ਰਮ ਤੋਂ ਹਰਿ ਕੀ ਪਾਉੜੀ ਤੱਕ ਪੈਦਲ ਯਾਤਰਾ ਹੋਵੇਗੀ । ਉਹਨਾਂ ਯਾਤਰਾ ਦੇ ਅਗਲੇ ਪੜਾਅ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ 5 ਅਪ੍ਰੈਲ ਨੂੰ ਹਰਿਦੁਆਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਸ ਤੋਂ ਬਾਅਦ ਕੀਰਤਨ ਦਰਬਾਰ ਸਜਾਏ ਜਾਣਗੇ । ਧਾਰਮਿਕ ਸਮਾਗਮਾਂ ਦੀ ਸਮਾਪਤੀ ਤੋਂ ਬਾਅਦ ਸੰਗਤਾਂ ਪੰਜਾਬ ਲਈ ਵਾਪਸੀ ਕਰਨਗੀਆਂ।ਸੰਤ ਨਿਰਮਲ ਦਾਸ ਜੀ ਬਾਬੇ ਜੋੜੇ ਨੇ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ "ਬੇਗਮਪੁਰਾ" ਅਜਿਹੇ ਸ਼ਹਿਰ ਦਾ ਸੰਕਲਪ ਦਿੱਤਾ ਸੀ ਜਿੱਥੇ ਕੋਈ

ਦੁੱਖ ਜਾਂ ਭੇਦਭਾਵ ਨਾ ਹੋਵੇ। ਇਸੇ ਵਿਚਾਰਧਾਰਾ ਨੂੰ ਘਰ-ਘਰ ਪਹੁੰਚਾਉਣ ਲਈ ਇਹ ਯਾਤਰਾ ਜਲੰਧਰ ਦੀ ਪਵਿੱਤਰ ਧਰਤੀ ਤੋਂ ਆਰੰਭ ਹੋ ਕੇ ਹਰਿਦੁਆਰ (ਉੱਤਰਾਖੰਡ) ਵਿਖੇ ਸੰਪੂਰਨ ਹੋਵੇਗੀ। ਉਹਨਾਂ ਕਿਹਾ ਕਿ "ਇਹ ਯਾਤਰਾ ਕੇਵਲ ਇੱਕ ਪੈਂਡਾ ਨਹੀਂ, ਸਗੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਉਸ 'ਦਮੜੀ' ਦੀ ਯਾਦ ਨੂੰ ਤਾਜ਼ਾ ਕਰਨਾ ਹੈ ਜੋ ਉਨ੍ਹਾਂ ਨੇ ਗੰਗਾ ਮਈਆ ਨੂੰ ਭੇਂਟ ਕਰਨ ਲਈ ਭੇਜੀ ਸੀ। ਉਹਨਾ ਕਿਹਾ ਕਿ ਇਹ ਸਾਡੀ ਆਸਥਾ ਅਤੇ ਸਵੈ-ਮਾਣ ਦਾ ਪ੍ਰਤੀਕ ਹੈ।

ਉਹਨਾਂ ਕਿਹਾ ਕਿ ਇਹ ਯਾਤਰਾ ਜਲੰਧਰ ਤੋਂ ਵਿਸ਼ਾਲ ਕਾਫਲੇ ਦੇ ਰੂਪ ਵਿੱਚ ਰਵਾਨਾ ਹੋਵੇਗੀ । ਉਹਨਾਂ ਕਿਹਾ ਕਿ ਇਹ ਯਾਤਰਾ ਪੰਜਾਬ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਆਈਆ ਸੰਗਤਾਂ ਨੂੰ ਨਾਮ-ਬਾਣੀ ਨਾਲ ਜੋੜੇਗੀ ਉਹਨਾਂ ਸਤਿਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਨੂੰ ਅਪੀਲ ਕੀਤੀ ਹੈ ਕਿ ਇਸ ਇਤਿਹਾਸਕ ਯਾਤਰਾ ਦਾ ਥਾਂ-ਥਾਂ ਭਰਵਾਂ ਸਵਾਗਤ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਗੁਰੂ ਸਾਹਿਬ ਦੀ ਮਹਿਮਾ ਦਾ ਗੁਣਗਾਨ ਹੋਵੇਗਾ ਉਹਨਾਂ ਕਿਹਾ ਕਿ ਸੰਗਤਾਂ ਵਿੱਚ ਇਸ ਯਾਤਰਾ ਨੂੰ ਲੈ ਕੇ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਨੂਰਪੁਰ ਜੱਟਾਂ ਵਿਖੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੇ ਬੁੱਤ ਦੀ ਬੇਅਦਬੀ ਅਤਿ ਮੰਦਭਾਗੀ

ਦੋਸ਼ੀਆਂ ਖਿਲਾਫ ਹੋਵੇ ਤੁਰੰਤ ਅਤੇ ਸਖ਼ਤ ਕਾਰਵਾਈ : ਸੰਜੀਵ ਤਲਵਾੜ

ਹੁਸ਼ਿਆਰਪੁਰ 31 ਮਾਰਚ (ਤਰਸੇਮ ਦੀਵਾਨਾ) ਨੂਰਪੁਰ ਜੱਟਾਂ ਵਿਖੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਜੀ ਦੇ ਬੁੱਤ ਦੀ ਹੋਈ ਬੇਅਦਬੀ ਦੀ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਵ ਤਲਵਾੜ ਵੱਲੋਂ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ। ਅੱਜ ਇੱਥੇ ਜਾਰੀ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਇਹ ਘਟਨਾ ਨਾ ਸਿਰਫ ਸ਼ਰਮਨਾਕ ਹੈ, ਸਗੋਂ ਸਮਾਜ ਦੇ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਇੱਕ ਡੂੰਘੀ ਸਾਜ਼ਿਸ਼ ਦਾ ਹਿੱਸਾ ਹੈ। ਸੰਜੀਵ ਤਲਵਾੜ ਨੇ ਮੌਜੂਦਾ ਸਰਕਾਰ 'ਤੇ ਤਿੱਖੇ ਨਿਸ ਾਨੇ ਸਾਧਦਿਆਂ ਕਿਹਾ: "ਇਹ ਬੇਹੱਦ ਅਫ਼ਸੋਸਨਾਕ ਹੈ ਕਿ ਜੋ ਸਰਕਾਰ ਬਾਬਾ ਸਾਹਿਬ

ਦੇ ਨਾਮ 'ਤੇ ਵੋਟਾਂ ਬਟੋਰ ਕੇ ਸੱਤਾ ਵਿੱਚ ਆਈ, ਅੱਜ ਉਹ ਉਨ੍ਹਾਂ ਦੇ ਸਨਮਾਨ ਦੀ ਰੱਖਿਆ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋ ਰਹੀ ਹੈ। ਅਜਿਹੀਆਂ ਘਟਨਾਵਾਂ ਪ੍ਰਸ਼ਾਸਨਿਕ ਢਿੱਲ-ਮੱਠ ਦਾ ਨਤੀਜਾ ਹਨ।" ਉਹਨਾਂ ਨੇ ਮੰਗ ਕੀਤੀ ਕਿ ਪ੍ਰਸ਼ਾਸਨ ਇਸ ਘਟਨਾ ਦੇ ਦੋਸ਼ੀਆਂ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਗ੍ਰਿਫਤਾਰ ਕਰੇ ਅਤੇ ਦੋਸ਼ੀਆਂ ਖ਼ਿਲਾਫ਼ ਅਜਿਹੀ ਮਿਸਾਲੀ ਕਾਰਵਾਈ ਕੀਤੀ ਜਾਵੇ ਤਾਂ ਜੋ ਭਵਿੱਖ ਵਿੱਚ ਕੋਈ ਵੀ ਅਜਿਹੀ ਹਰਕਤ ਕਰਨ ਦੀ ਹਿੰਮਤ ਨਾ ਕਰ ਸਕੇ।

ਸੰਘਰਸ਼ ਦੀ ਚਿਤਾਵਨੀ

ਸੰਜੀਵ ਤਲਵਾੜ ਨੇ ਸਪੱਸ਼ਟ ਸ਼ਬਦਾਂ ਵਿੱਚ ਚਿਤਾਵਨੀ ਦਿੱਤੀ ਕਿ ਬਾਬਾ ਸਾਹਿਬ ਦਾ ਅਪਮਾਨ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਜੇਕਰ ਪੁਲਿਸ ਅਤੇ ਪ੍ਰਸ਼ਾਸਨ ਨੇ ਜਲਦ ਇਨਸਾਫ਼ ਨਾ ਦਿੱਤਾ ਅਤੇ ਦੋਸ਼ੀਆਂ ਨੂੰ ਨੱਥ ਨਾ ਪਾਈ, ਤਾਂ ਸ਼੍ਰੋਮਣੀ ਅਕਾਲੀ ਦਲ ਤਿੱਖਾ ਸੰਘਰਸ਼ ਵਿੱਢਣ ਅਤੇ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕਰਨ ਲਈ ਮਜਬੂਰ ਹੋਵੇਗਾ। ਉਨ੍ਹਾਂ ਸਮੂਹ ਸੰਗਤ ਅਤੇ ਇਲਾਕਾ ਨਿਵਾਸੀਆਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਭਰੋਸਾ ਦਿੱਤਾ ਕਿ ਸ਼੍ਰੋਮਣੀ ਅਕਾਲੀ ਦਲ ਬਾਬਾ ਸਾਹਿਬ ਦੇ ਸਨਮਾਨ ਲਈ ਹਰ ਮੋਰਚੇ 'ਤੇ ਡਟ ਕੇ ਖੜ੍ਹਾ ਹੈ।

ਮਾਹਿਲਪੁਰ ਪੁਲਿਸ ਵਲੋਂ ਝੂਠੇ ਪਰਚਿਆਂ ਤੋਂ ਦੁਖੀ ਦੁਕਾਨਦਾਰ ਭਰਾਵਾਂ ਨੇ ਲਗਾਈ ਇਨਸਾਫ਼ ਦੀ ਗੁਹਾਰ

ਪੀੜਤ ਭਰਾ ਰੋ-ਰੋ ਕੇ ਕਹਿ ਰਹੇ ਸੀ ਕਿ ਸਾਨੂੰ ਕਿਸੇ ਵੀ ਤਰ੍ਹਾਂ ਥਾਣਾ ਮਾਹਿਲਪੁਰ ਦੀ ਪੁਲਿਸ ਤੋਂ ਬਚਾਉ

ਹੁਸ਼ਿਆਰਪੁਰ 31 ਮਾਰਚ (ਤਰਸੇਮ ਦੀਵਾਨਾ) - ਜਿਲ੍ਹਾਂ ਹੁਸ਼ਿਆਰਪੁਰ ਦੇ ਕਸਬਾ ਮਾਹਿਲਪੁਰ ਵਿਚ 25 ਮਾਰਚ ਨੂੰ ਇੱਕ ਦੁਕਾਨਦਾਰ ਦੀ ਦੁਕਾਨ 'ਤੇ ਚੱਲੀਆਂ ਗੋਲੀਆਂ ਦੇ ਮਾਮਲੇ 'ਚ ਉਸ ਸਮੇਂ ਨਵਾਂ ਮੋੜ ਆ ਗਿਆ ਜਦੋਂ ਪੀੜਿਤ ਦੁਕਾਨਦਾਰ ਭਰਾਵਾਂ ਨੂੰ ਛੱਡ ਕੇ ਮਾਹਿਲਪੁਰ ਪੁਲਿਸ ਨੇ ਇੱਕ ਥਾਣੇਦਾਰ ਦੇ ਬਿਆਨਾਂ 'ਤੇ ਹਮਲਾਵਰਾਂ ਵਿਰੁੱਧ ਮਾਮਲਾ ਦਰਜ ਕਰਕੇ ਖ਼ਾਨਾਪੂਰਤੀ ਕਰਕੇ ਹੀ ਬੱਸ ਨਹੀਂ ਕੀਤੀ ਜਦਕਿ ਪੀੜਿਤ ਭਰਾਵਾਂ ਸਮੇਤ 16 ਵਿਅਕਤੀਆਂ 'ਤੇ ਵੀ ਇੱਕ ਚੌਂਕੀ ਇੰਚਾਰਜ ਦੇ ਬਿਆਨਾਂ 'ਤੇ ਮਾਹੌਲ ਖ਼ਰਾਬ ਕਰਨ ਦਾ ਮਾਮਲਾ ਦਰਜ ਕਰਕੇ ਪੀੜਤ ਭਰਾਵਾਂ ਦੇ ਘਰ ਵਿਚ ਛਾਪੇਮਾਰੀ ਸ਼ੁਰੂ ਕਰ ਦਿੱਤੀ। ਅੱਜ ਹੁਸ਼ਿਆਰਪੁਰ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਡੀ ਐਸ ਪੀ ਗੜ੍ਹਸ਼ੰਕਰ ਅਤੇ ਥਾਣਾ ਮੁਖੀ ਮਾਹਿਲਪੁਰ ਦੀਆਂ ਵਧੀਕੀਆਂ ਦੇ ਸਤਾਏ ਦੋਨੋਂ ਭਰਾ ਫ਼ੁੱਟ ਫ਼ੁੱਟ ਕੇ ਰੋ ਪਏ ਅਤੇ ਜਿਲ੍ਹਾਂ ਪੁਲਿਸ ਮੁਖੀ ਸਮੇਤ ਪੰਜਾਬ ਦੇ ਮੁੱਖ ਮੰਤਰੀ ਅਤੇ ਹੋਰ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਸ਼ਿਕਾਇਤਾਂ ਕਰਕੇ ਉਨ੍ਹਾਂ ਨੂੰ ਦੋਹਾਂ ਅਫ਼ਸਰਾਂ ਤੋਂ ਬਚਾਉਣ ਦੀ ਅਪੀਲ ਕੀਤੀ ਹੈ। ਅੱਜ ਹੁਸ਼ਿਆਪੁਰ ਵਿਖੇ ਪੱਤਰਕਾਰ ਸੰਮੇਲਨ ਦੌਰਾਨ ਜਸਵੀਰ ਸਿੰਘ ਸੰਜੂ ਅਤੇ ਪਰਮਜੀਤ ਸਿੰਘ ਪੰਮਾ ਪੁੱਤਰਾਨ ਜੋਗਰਾਜ ਵਾਸੀਆਨ ਗੱਜਰ ਨੇ ਦੱਸਿਆ ਕਿ 2022 ਵਿਚ ਉਨ੍ਹਾਂ ਦੀ ਦੁਕਾਨ ਦੇ ਅੱਗੇ ਕੁੱਝ ਅਣਪਛਾਤੇ ਵਿਅਕਤੀਆਂ ਨੇ ਗੋਲੀਆਂ ਚਲਾ ਦਿੱਤੀਆਂ ਸਨ । ਉਨ੍ਹਾਂ ਦੱਸਿਆ ਕਿ ਉਸ ਸਮੇਂ ਉਹ ਦੁਕਾਨ ਅੰਦਰ ਸਨ ਤਾਂ ਉਨ੍ਹਾਂ ਦੀ ਦੁਕਾਨ ਅੰਦਰ ਲੱਗੇ ਸੀ ਸੀ ਟੀਵੀ ਵਿਚ ਉਹ ਗੋਲੀਆਂ ਚਲਾਉਣ ਦੀ ਘਟਨਾ ਕੈਦ ਹੋ ਗਈ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਉਨ੍ਹਾਂ ਨੂੰ ਜਬਰਦਸਤੀ ਉਸ ਮਾਮਲੇ ਵਿਚ ਗਵਾਹ ਬਣਾ ਲਿਆ। ਉਨ੍ਹਾਂ ਦੱਸਿਆ ਕਿ ਇੱਕ ਮਹੀਨੇ ਬਾਅਦ ਉਨ੍ਹਾਂ ਦੇ ਘਰ 'ਤੇ ਉਨ੍ਹਾਂ ਹੀ ਹਮਲਵਰਾਂ ਨੇ ਅਗਸਤ

2022 ਵਿਚ ਵੀ ਗੋਲੀਆਂ ਚਲਾ ਦਿੱਤੀਆਂ ਜਿਸ 'ਤੇ ਉਸ ਸਮੇਂ ਦੀ ਪੁਲਿਸ ਨੇ ਉਨ੍ਹਾਂ ਦੇ ਬਿਆਨਾਂ 'ਤੇ ਮਾਮਲਾ ਦਰਜ ਕਰ ਲਿਆ ਸੀ। ਉਨ੍ਹਾਂ ਦੱਸਿਆ ਕਿ ਪੁਲਿਸ ਨੇ ਉਸ ਮਾਮਲੇ ਵਿੱਚੋਂ ਆਪਣੇ ਪੱਧਰ 'ਤੇ ਦੋ ਵਿਅਕਤੀਆਂ ਨੂੰ ਦਰਜ ਮਾਮਲੇ ਵਿੱਚੋਂ ਕੱਢ ਦਿੱਤਾ ਅਤੇ ਮਿਲ ਰਹੀਆਂ ਧਮਕੀਆਂ ਕਾਰਨ ਉਨ੍ਹਾਂ ਗਵਾਹੀ ਦੇਣ ਤੋਂ ਇੰਨਕਾਰ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਉਸ ਤੋਂ ਬਾਅਦ ਪੁਲਿਸ ਦੋ ਅਕਤੂਬਰ 2025 ਨੂੰ ਦੁਸ਼ਹਿਰੇ ਵਾਲੇ ਦਿਨ ਜਦੋਂ ਉਹ ਘਰ ਵਿਚ ਹੀ ਮੌਜੂਦ ਸਨ ਤਾਂ ਮਾਹਿਲਪੁਰ ਵਿਚ ਹੋਈ ਲੜਾਈ ਵਿਚ ਉਨ੍ਹਾਂ ਨੂੰ ਘਰ ਬੈਠੇ ਹੀ ਨਾਮਜਦ ਕਰ ਦਿੱਤਾ ਗਿਆ । ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਉਨ੍ਹਾਂ ਦੇ ਘਰ ਦੇ ਸੀ ਸੀ ਟੀ ਵੀ ਫ਼ੁਟੇਜ ਅਤੇ ਪੀੜਿਤ ਧਿਰਾਂ ਦੇ ਬਿਅਨਾਂ ਤੋਂ ਬਾਅਦ ਆਪਣੇ ਆਪ ਨੂੰ ਬੇਗੁਨਾਹ ਸਾਬਿਤ ਕਰਵਾ ਲਿਆ। ਉਨ੍ਹਾਂ ਦੱਸਿਆ ਕਿ 2022 ਵਿਚ ਗੋਲੀ ਚਲਾਉਣ ਵਾਲਿਆਂ ਨੇ ਉਨ੍ਹਾਂ ਨਾਲ ਗਵਾਹੀ ਦੀ ਰੰਜਿਸ਼ ਰੱਖੀ ਅਤੇ 25 ਮਾਰਚ 2026 ਨੂੰ ਉਨ੍ਹਾਂ ਦੀ ਦੁਕਾਨ 'ਤੇ ਗੋਲੀ ਚਲਾ ਦਿੱਤੀ। ਉਨ੍ਹਾਂ ਦੱਸਿਆ ਕਿ ਉਸ ਘਟਨਾ ਤੋਂ ਇੱਕ ਮਹੀਨਾ ਪਹਿਲਾਂ ਉਨ੍ਹਾਂ ਦੀ ਦੁਕਾਨ ਅੱਗੇ ਗੋਲੀ ਚਲਾਉਣ ਦੀ ਕੋਸ਼ਿਸ਼ ਕੀਤੀ ਜਿਸ ਦੀ ਸੀ ਸੀ ਟੀ ਵੀ ਅਤੇ ਹਮਲਵਰਾਂ ਦੇ ਨਾਮ ਉਨ੍ਹਾਂ ਪੁਲਿਸ ਨੂੰ ਦਿੱਤੇ ਪਰੰਤੂ ਡੀ ਐਸ ਪੀ ਦਲਜੀਤ ਸਿੰਘ ਖੱਖ ਅਤੇ ਥਾਣਾ ਮੁਖੀ ਮਦਨ ਸਿੰਘ ਨੇ ਉਨ੍ਹਾਂ ਦੀ ਇੱਕ ਨਾ ਸੁਣੀ ਜਿਸ ਦੇ ਨਤੀਜੇ ਵਜੋਂ ਉਨ੍ਹਾਂ 'ਤੇ ਗੋਲੀ ਚੱਲਣ ਦੀ ਘਟਨਾ ਵਾਪਰ ਗਈ। ਉਨ੍ਹਾਂ ਦੋਸ਼ ਲਗਾਇਆ ਕਿ ਪੁਲਿਸ ਨੇ ਉਨ੍ਹਾਂ ਦੇ ਬਿਆਨ ਨਹੀਂ ਲਏ ਬਲਕਿ ਆਪਣੇ ਹੀ ਥਾਣੇਦਾਰ ਦੇ ਬਿਆਨਾਂ 'ਤੇ ਹਮਲਾਵਰਾਂ ਵਿਰੁੱਧ ਮਾਮਲਾ ਦਰਜ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਹੁਣ ਬੀਤੇ ਕੱਲ ਥਾਣਾ ਮੁਖੀ ਮਦਨ ਸਿੰਘ ਨੇ ਮੁੜ ਉਨ੍ਹਾਂ ਅਤੇ ਗੋਲੀ ਚਲਾਉਣ ਵਾਲੇ ਹਮਲਵਰਾਂ ਵਿਰੁੱਧ ਝੂਠਾ ਮਾਮਲਾ ਦਰਜ ਕਰਕੇ ਉਨ੍ਹਾਂ ਨੂੰ ਫ਼ਸਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਗੋਲੀ ਚਲਾਉਣ ਵਾਲੇ ਹਮਲਵਰਾਂ ਵਿਰੁੱਧ ਮਾਮਲਾ ਦਰਜ ਕਰਕੇ ਉਨ੍ਹਾਂ ਦੇ ਘਰਾਂ 'ਤੇ ਛਾਪੇਮਾਰੀ ਕਰਕੇ ਉਨ੍ਹਾਂ ਨੂੰ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ।

ਪੱਖ :- ਕੀ ਪੁਲਿਸ ਕਦੀ ਧੱਕੇਸ਼ਾਹੀ ਕਰ ਸਕਦੀ ਹੈ?

ਇਸ ਸਬੰਧੀ ਜਦੋਂ ਥਾਣਾ ਮੁਖੀ ਮਦਨ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਪੱਤਰਕਾਰਾਂ ਨੂੰ ਹੀ ਕਹਿਣਾ ਸ਼ੁਰੂ ਕਰ ਦਿੱਤਾ ਕਿ ਪੁਲਿਸ ਕਦੀ ਧੱਕੇਸ਼ਾਹੀ ਕਰ ਸਕਦੀ ਹੈ। ਜਦੋਂ ਉਨ੍ਹਾਂ ਨੂੰ ਮੁੜ 16 ਬੰਦਿਆਂ 'ਤੇ ਪਰਚਾ ਕਿਉਂ ਦਿੱਤਾ ਹੈ ਸਬੰਧੀ ਪੁੱਛਿਆ ਤਾਂ ਉਹ ਪੁਲਸੀਆ ਅੰਦਾਜ ਵਿਚ ਟਾਲਮਟੋਲ ਕਰ ਗਏ ਅਤੇ ਛੁੱਟੀ ਦਾ ਬਹਾਨਾ ਲਗਾ ਕੇ ਗੱਲ ਟਾਲਦੇ ਹੋਏ ਕਿਹਾ ਕਿ ਉਹ ਥਾਣੇ ਜਾ ਕੇ ਹੀ ਕੁੱਝ ਕਹਿ ਸਕਦੇ ਹਨ।

ਪਿੰਡ ਡੱਫਰ ਦੀ 106 ਸਾਲਾਂ ਮਾਤਾ ਸੱਤਿਆ ਦੇਵੀ ਨੇ ਇਸ ਫਾਨੀ ਸੰਸਾਰ ਨੂੰ ਕਿਹਾ ਅਲਵਿਦਾ

ਪਿੰਡ ਡੱਫਰ ਦੇ ਸ਼ਮਸ਼ਾਨ ਘਾਟ ਵਿਖੇ ਅੱਜ 11 ਵਜੇ ਦੇ ਕਰੀਬ ਕੀਤਾ ਜਾਵੇਗਾ ਸਸਕਾਰ

ਹੁਸ਼ਿਆਰਪੁਰ / ਗੜਦੀਵਾਲਾ 31 ਮਾਰਚ (ਤਰਸੇਮ ਦੀਵਾਨਾ) - ਪਿੰਡ ਡੱਫਰ ਦੀ ਵਸਨੀਕ ਮਾਤਾ ਸੱਤਿਆ ਦੇਵੀ 106 ਸਾਲ ਦੀ ਉਮਰ ਭੋਗ ਕੇ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਏਲਇਸ ਸਬੰਧੀ ਜਾਣਕਾਰੀ ਅਨੁਸਾਰ ਮ੍ਰਿਕ ਮਾਤਾ ਸੱਤਿਆ ਦੇਵੀ ਦੇ ਸਪੁੱਤਰ ਪੁੱਤਰ ਪ੍ਰੇਮ ਪਾਲ ਤੇ ਰਾਧੇ ਸ਼ਾਮ ਨੇ ਦੱਸਿਆ ਮਾਤਾ ਸੱਤਿਆ ਦੇਵੀ ਜਿਨਾਂ ਦੀ ਉਮਰ 106 ਸਾਲ ਦੇ ਕਰੀਬ ਸੀ ਕੁਝ ਦਿਨਾਂ ਤੋਂ ਬਿਮਾਰ ਚੱਲ ਰਹੇ ਸਨ ਉਮਰ ਦਰਾਜ ਹੋਣ ਕਾਰਨ ਅੱਜ ਸਵੇਰੇ 6 ਵਜੇ ਉਹਨਾਂ ਨੇ ਆਖਰੀ ਸਾਹ ਲਏ ਲ ਮਾਤਾ ਸੱਤਿਆ ਦੇਵੀ ਦਾ ਪਿੰਡ ਡੱਫਰ ਤੇ ਇਲਾਕੇ ਦੇ ਲੋਕਾਂ ਨਾਲ ਮੇਲ ਮਲਾਪ ਹੋਣ ਕਰਕੇ ਸੋਗ ਦੀ ਲਹਿਰ ਦੌੜ ਆਈ। ਜਿਵੇਂ ਮਾਤਾ ਸੱਤਿਆ ਦੇਵੀ ਦੀ ਮੌਤ ਦਾ ਪਤਾ ਤ ਚੱਲਿਆ ਇਲਾਕੇ ਦੇ ਲੋਕਾਂ ਵਲੋਂ ਉਨ੍ਹਾਂ ਦੇ ਪੁੱਤਰ ਪ੍ਰੇਮ ਪਾਲ ਤੇ ਰਾਧੇ ਸ਼ਾਮ ਦੇ ਪਰਿਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆਲ ਇਸ ਮੌਕੇ ਵਿਸ਼ੇਸ਼ ਦੱਸਣਯੋਗ ਇਹ ਹੈ ਕਿ ਮਾਤਾ

ਸੱਤਿਆ ਦੇਵੀ ਜੀ ਦੇ ਅੰਤਿਮ ਸੰਸਕਾਰ ਪਿੰਡ ਡੱਫਰ ਦੇ ਸ਼ਮਸ਼ਾਨ ਘਾਟ ਵਿਖੇ ਇੱਕ ਅਪ੍ਰੈਲ (ਅੱਜ) ਦੁਪਹਿਰ 11 ਵਜੇ ਦੇ ਕਰੀਬ ਕੀਤੇ ਜਾਣਗੇ ! ਇਸ ਮੌਕੇ ਸਰਪੰਚ ਸਤਨਾਮ ਸਿੰਘ, ਮੈਨੇਜਰ ਫਕੀਰ ਸਿੰਘ ਸਹੋਤਾ,ਸਾਬਕਾ ਸਰਪੰਚ ਹਰਦੀਪ ਸਿੰਘ ਪਿੰਕੀ,ਭਾਈ ਗੁਰਦੀਪ ਸਿੰਘ, ਭਾਈ ਮਨਿੰਦਰ ਸਿੰਘ, ਪੰਚ ਕਮਲਜੀਤ ਸਿੰਘ, ਪੰਚ ਅਮਨਦੀਪ, ਹਰਜੋਤ ਸਿੰਘ ਸਹੋਤਾ (ਪ੍ਰਧਾਨ ਐਸਓਡੀ ਮਨੋਵਿਗਿਆਨੀ),ਸਵਿੰਦਰ ਸਿੰਘ ਲਾਖਾ, ਮਾਸਟਰ ਅਮੀਰ ਸਿੰਘ,ਸੁਰਜੀਤ ਸਿੰਘ, ਕਰਤਾਰ ਸਿੰਘ ਕਾਰੀ,ਡਾਕਟਰ ਮਨਜੀਤ ਸਿੰਘ, ਸਰਬਜੀਤ ਸਿੰਘ ਸਾਬੀ, ਕਸ਼ਮੀਰ ਸਿੰਘ ਅਟਵਾਲ, ਜਰਨੈਲ ਸਿੰਘ ਆਦਿ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਲਈ।

ਕਿਸਾਨ ਮੇਲੇ ਤੇ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਾਇਆ

ਕਿਸਾਨਾਂ ਨੇ ਮੌਤ ਦੀ ਲੜਾਈ ਲੜ ਰਹੇ ਮਰੀਜ਼ਾਂ ਲਈ ਖ਼ੂਨਦਾਨ ਕਰਕੇ ਵੱਡੀ ਸੇਵਾ ਕੀਤੀ-ਜੱਥੇ: ਨਿਮਾਣਾ

ਲੁਧਿਆਣਾ (ਕਰਨੈਲ ਸਿੰਘ ਐੱਮ.ਏ.) ਪਿਛਲੇ ਬੀਤੇ ਦਿਨੀਂ ਕਿਸਾਨ ਮੇਲੇ ਤੇ ਮਨੁੱਖਤਾ ਦੇ ਭਲੇ ਲਈ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਸੁਸਾਇਟੀ ਦੇ ਸੇਵਾਦਾਰ ਦਿਲਬਾਗ ਸਿੰਘ ਸਿੱਧੂ ਦੀ ਅਗਵਾਈ ਹੇਠ 880ਵਾਂ ਮਹਾਨ ਖ਼ੂਨਦਾਨ ਕੈਂਪ ਖੇਤੀਬਾੜੀ ਵਿਭਾਗ, ਬਠਿੰਡਾ ਵਿਖੇ ਲਗਾਇਆ ਗਿਆ। ਇਸ ਮੌਕੇ ਤੇ ਮਹਾਨ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਯੂਨੀਅਨ ਨੇ ਕਿਹਾ ਕਿ ਕਿਸਾਨ ਦੇਸ਼ ਨੂੰ ਅਨਾਜ ਨੂੰ ਪੈਦਾ ਕਰਕੇ ਦਿੰਦੇ ਹਨ ਉਥੇ ਕਿਸਾਨ ਸਮਾਜ ਭਲਾਈ ਦੇ ਕੰਮਾਂ ਵਿੱਚ ਅੱਗੇ ਹੋ ਕੇ ਰੋਲ ਨਿਭਾਉਂਦੇ ਹਨ । ਅੱਜ ਕਿਸਾਨ ਮੇਲੇ ਤੇ ਕਿਸਾਨਾਂ ਨੇ ਮਰੀਜ਼ਾਂ ਲਈ ਖ਼ੂਨਦਾਨ ਕਰਕੇ ਵੱਡੀ ਸੇਵਾ ਕੀਤੀ

ਹੈ।ਇਸ ਮੌਕੇ ਤੇ ਖ਼ੂਨਦਾਨ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਡਾ: ਅਵਤਾਰ ਸਿੰਘ, ਐਸੋਸੀਏਟ ਡੀਨ, ਪੀ.ਏ.ਯੂ, ਇੰਸਟੀਚਿਉਟ ਆਫ ਐਗਰੀਕਲਚਰ ਬਠਿੰਡਾ, ਇੰਸਪੈਕਟਰ ਸੁਖਵਿੰਦਰ ਸਿੰਘ ਸਿੱਧੂ, ਨਾਇਬ ਸਿੰਘ ਨੰਬਰਦਾਰ ਨੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ ਵੱਲੋਂ ਲਗਾਏ ਗਏ ਮਹਾਨ ਖ਼ੂਨਦਾਨ ਕੈਂਪ ਦੀ ਸ਼ਲਾਘਾ ਕੀਤੀ ਅਤੇ ਖ਼ੂਨਦਾਨੀਆਂ ਨੂੰ ਪ੍ਰਮਾਣ ਪੱਤਰ ਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ ਤੇ ਸੁਸਾਇਟੀ ਦੇ ਸੇਵਾਦਾਰ ਜਥੇਦਾਰ ਬਲਦੇਵ ਸਿੰਘ ਸੰਧੂ ਨੇ ਦੱਸਿਆ ਖ਼ੂਨਦਾਨ ਕੈਂਪ ਦੌਰਾਨ ਗੁਪਤਾ ਹਸਪਤਾਲ ਦੇ ਨਿੱਘੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ। ਇਸ ਮੌਕੇ ਤੇ ਗੁਰਪ੍ਰੀਤ ਸਿੰਘ, ਹਰਪ੍ਰੀਤ ਸਿੰਘ, ਪ੍ਰਿੰਸ ਗਰਗ, ਜਯੋਤੀ ਕੁਮਾਰ, ਸਰਬਜੀਤ ਸਿੰਘ ਸੋਹਲ ਹਾਜ਼ਰ ਸਨ ।

ਜਥੇਦਾਰ ਹੀਰਾ ਸਿੰਘ ਗਾਬੜੀਆ ਅਤੇ ਸ: ਗੁਰਦੀਪ ਸਿੰਘ ਲੀਲ ਨੇ ਕਲਮ ਦੇ ਧਨੀ ਸਤਿਕਾਰਯੋਗ ਵੀਰ ਸ: ਹਰਜੀਤ ਸਿੰਘ ਖਾਲਸਾ ਜੀ ਨੂੰ ਜਨਮ-ਦਿਨ ਦੀਆਂ ਬਹੁਤ-ਬਹੁਤ ਵਧਾਈਆਂ ਦਿੱਤੀਆਂ । ਵਾਹਿਗੁਰੂ ਜੀ ਤੁਹਾਨੂੰ ਹਮੇਸ਼ਾਂ ਚੜ੍ਹਦੀ ਕਲਾ 'ਚ ਰੱਖਣ । (ਫੋਟੋ ਅਤੇ ਵੇਰਵਾ : ਕਰਨੈਲ ਸਿੰਘ ਐੱਮ.ਏ.ਲੁਧਿਆਣਾ)

ਇਕ ਅੱਖਰ ਦਾ ਛੋਟਾ ਜਿਹਾ ਸ਼ਬਦ ਹੈ 'ਮਾਂ', ਪਰ ਇਸਦੀ ਪਰਿਭਾਸ਼ਾ ਅਸੀਮ ਹੈ

5 ਅਪ੍ਰੈਲ ਨੂੰ ਹੋਵੇਗੀ ਮਾਤਾ ਬਲਵਿੰਦਰ ਕੌਰ ਜਟਾਣਾ ਨਮਿੱਤ ਅੰਤਿਮ ਅਰਦਾਸ

ਭਲੂਰ/ਬੇਅੰਤ ਗਿੱਲ

ਅੱਜਕਲ੍ਹ ਫਰੀਦਕੋਟ ਵਿਖੇ ਰਹਿ ਰਹੇ ਪਿੰਡ ਭਲੂਰ ਦੇ ਵਸਨੀਕ ਪ੍ਰਧਾਨ ਜਰਨੈਲ ਸਿੰਘ ਜਾਟਾਣਾ ਦੀ ਨੂੰਹ ਰਾਣੀ ਅਤੇ ਕੌਮੀ ਕਿਸਾਨ ਯੂਨੀਅਨ ਦੇ ਸਰਗਰਮ ਮੈਂਬਰ ਸਰਦਾਰ ਰਣਜੋਧ ਸਿੰਘ ਜਟਾਣਾ ਦੇ ਸਤਿਕਾਰਤ ਮਾਤਾ ਸਰਦਾਰਨੀ ਬਲਵਿੰਦਰ ਕੌਰ ਜਟਾਣਾ ਪਤਨੀ ਸਰਦਾਰ ਜਗਰਾਜ ਸਿੰਘ ਜਟਾਣਾ ਦਾ ਪਿਛਲੇ ਦਿਨੀਂ 26 ਮਾਰਚ 2026 ਨੂੰ ਅਚਾਨਕ ਦਿਹਾਂਤ ਹੋ ਗਿਆ। ਇਸ ਸਮੇਂ ਉਹ 60 ਵਰ੍ਹਿਆਂ ਦੇ ਸਨ। ਉਨ੍ਹਾਂ ਦੇ ਅਚਾਨਕ ਤੁਰ ਜਾਣਾ ਕਾਰਨ ਸਰਦਾਰ ਜਗਰਾਜ ਸਿੰਘ ਜਟਾਣਾ, ਸਰਦਾਰ ਸੇਵਕ ਸਿੰਘ ਜਟਾਣਾ, ਬੇਟੇ ਸਰਦਾਰ ਰਣਜੋਧ ਸਿੰਘ ਜਟਾਣਾ, ਕੁਲਵਿੰਦਰ ਕੌਰ ਜਟਾਣਾ, ਸਰਦਾਰ ਹਰਦੀਪ ਸਿੰਘ ਜਟਾਣਾ , ਬਲਜੀਤ ਕੌਰ ਜਟਾਣਾ ਅਤੇ ਸਮੂਹ ਜਟਾਣਾ ਪਰਿਵਾਰ ਨੂੰ ਗਹਿਰਾ ਸਦਮਾ ਲੱਗਾ ਹੈ। ਦੱਸ ਦੇਈਏ ਕਿ ਮਾਤਾ ਬਲਵਿੰਦਰ ਕੌਰ ਬਹੁਤ ਹੀ ਮਿੱਠਬੋਲੜੇ , ਨਿੱਘੇ ਸੁਭਾਅ ਵਾਲੇ, ਧਾਰਮਿਕ ਖਿਆਲਾਂ ਦੇ ਮਾਲਕ ਸਨ। ਉਨ੍ਹਾਂ ਦੀ ਮੌਤ ਕਾਰਨ ਉਨ੍ਹਾਂ ਦੇ ਬੱਚਿਆਂ ਉੱਪਰ ਵਿਛੋੜੇ ਦੀ ਰੁੱਤ

ਸਵ: ਸਰਦਾਰਨੀ ਬਲਵਿੰਦਰ ਕੌਰ ਜਟਾਣਾ

ਆਣ ਖੜ੍ਹੀ ਹੈ..। ਕਿਉਂਕਿ ਮਾਂ ਦਾ ਵਿਛੜ ਜਾਣਾ ਵਧੇਰੇ ਗ਼ਮਗੀਨ ਕਰਦਾ ਹੈ । ਮਾਂ ਦੀ ਸਾਂਝ ਸਭ ਸਾਂਝਾਂ ਤੋਂ ਨਿਰਾਲੀ ਤੇ ਗੂੜ੍ਹੀ ਹੈ.। ਜਦੋਂ ਕੋਈ ਮੂੰਹ 'ਚੋਂ ਮਾਂ ਆਖਦਾ ਹੈ ਤਾਂ ਚੁਫੇਰਾ ਮਹਿਕ ਉੱਠਦਾ ਹੈ । 'ਮਾਂ ਸ਼ਬਦ' ਸਾਨੂੰ ਕਿੰਨੀਆਂ ਹੀ ਮੁਸ਼ਕਿਲਾਂ 'ਚੋਂ ਬਾਹਰ ਕੱਢ ਦੇਣ ਦੀ ਜੁਅਰੱਤ ਰੱਖਦਾ ਹੈ । ਮਾਂ ਦੀ ਮਹਿਮਾ ਭਾਵੇਂ ਕਿੰਨੇ ਹੀ ਕਵੀਆਂ ਨੇ ਲਿਖੀ ਹੈ ਪਰ ਅਸੀਂ ਮਾਂ ਨੂੰ ਸ਼ਬਦਾਂ ਰਾਹੀਂ ਵੀ ਵਡਿਆ ਨਹੀਂ ਸਕਦੇ । ਮਾਂ ਦੁਨੀਆਂ ਦਾ ਉਹ ਵਿਸ਼ਾਲ ਬਿਰਖ਼ ਹੈ, ਜਿਹੜਾ ਕਿੰਨੀਆਂ ਹੀ ਰੁੱਤਾਂ ਦੀ ਸਰਦੀ ਗਰਮੀ ਸਹਾਰ ਕੇ ਹਮੇਸ਼ਾ ਸਾਨੂੰ ਮਹਿਫੂਜ਼ ਰੱਖਦਾ ਹੈ । ਤਿੱਖੜ ਦੁਪਹਿਰੇ ਜਰ ਕੇ ਛਾਂਵਾਂ ਦਿੰਦਾ ਹੈ । ਇਕ ਅੱਖਰ ਦਾ ਛੋਟਾ ਜਿਹਾ ਸ਼ਬਦ ਹੈ ਮਾਂ, ਪਰ ਇਸਦੀ ਪਰਿਭਾਸ਼ਾ ਅਸੀਮ ਹੈ । ਆਦਿ ਕਾਲ ਤੋਂ ਹੀ ਮਾਂ ਤਿਆਗ, ਪਿਆਰ, ਮੁਹੱਬਤ ਤੇ ਮਮਤਾ ਦੀ ਮੂਰਤ ਰਹੀ ਹੈ । ਮਾਂ ਦੇ ਰੋਮ ਰੋਮ ਵਿਚ ਬੱਚੇ ਲਈ ਇਕੋ ਸਾਰ ਫ਼ਿਕਰ ,ਦਰਦ ਤੇ ਚਾਅ ਮਲ੍ਹਾਰ ਦਾ ਦਰਿਆ ਵਗਦਾ ਹੈ । ਦੁਨੀਆਂ ਵਿੱਚ ਆਉਣ ਤੋਂ ਪਹਿਲਾਂ ਹੀ ਬੱਚੇ ਦਾ ਰਿਸ਼ਤਾ ਮਾਂ ਨਾਲ ਜੁੜ ਜਾਂਦਾ ਹੈ । ਸੋ ਮਾਤਾ ਬਲਵਿੰਦਰ ਕੌਰ ਜਟਾਣਾ ਦਾ ਵਿਛੜ ਜਾਣਾ ਉਨ੍ਹਾਂ ਦੇ ਬੱਚਿਆਂ ਲਈ ਅਸਹਿ ਹੈ। ਇਸ ਮੌਕੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੇ ਸਪੁੱਤਰ ਰਣਜੋਧ ਸਿੰਘ ਜਟਾਣਾ ਨੇ ਦੱਸਿਆ ਕਿ ਮਾਤਾ ਬਲਵਿੰਦਰ ਕੌਰ ਜਟਾਣਾ ਨਮਿੱਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਮਿਤੀ 5 ਅਪ੍ਰੈਲ 2026 ਦਿਨ ਐਤਵਾਰ ਨੂੰ ਫਿਰੋਜ਼ਪੁਰ ਰੋਡ ਸਥਿਤ ਭਾਨ ਸਿੰਘ ਕਾਲੋਨੀ (ਐੱਲ. ਆਈ. ਸੀ. ਵਾਲੀ ਗਲੀ) ਗੁਰਦੁਆਰਾ ਸਾਹਿਬ ਨਰਾਇਣ ਨਗਰ ਫ਼ਰੀਦਕੋਟ ਵਿਖੇ 12 ਤੋਂ 1 ਵਜੇ ਵਿਚਕਾਰ ਹੋਵੇਗਾ।

ਜ਼ਿਲ੍ਹਾ ਮੈਜਿਸਟਰੇਟ ਨੇ ਕਣਕ ਦੀ ਰਹਿੰਦ ਖੁੰਦ/ਪਰਾਲੀ/ਨਾੜ ਨੂੰ ਅੱਗ ਲਗਾਉਣ ਤੇ ਲਗਾਈ ਪਾਬੰਦੀ

ਨਵਾਂਸ਼ਹਿਰ, 31 ਮਾਰਚ (ਮਨੋਰੰਜਨ ਕਾਲੀਆ) : ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ 2023 (The Bharaitya Nagairk Suraksha Sanihta, 2023) ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਇਕ ਹੁਕਮ ਰਾਹੀਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਹਦੂਦ ਅੰਦਰ ਕਣਕ ਦੀ ਰਹਿੰਦ ਖੁੰਦ/ਪਰਾਲੀ/ਨਾੜ ਨੂੰ ਅੱਗ ਲਗਾਉਣ ਤੇ ਪਾਬੰਦੀ ਲਗਾ ਦਿੱਤੀ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਆਪਣੇ ਹੁਕਮ ਵਿੱਚ ਸਪੱਸ਼ਟ ਕੀਤਾ ਹੈ ਕਿ ਰਬੀ ਸੀਜਨ 2026-27 ਮਿਤੀ 01.04.2026 ਤੋਂ ਸ਼ੁਰੂ ਹੋ ਗਿਆ ਹੈ। ਆਮ ਤੌਰ ਤੇ ਜਿਮੀਦਾਰ ਕਣਕ ਦੀ ਕਟਾਈ ਤੋਂ ਬਾਅਦ ਬਚ ਗਈ ਰਹਿੰਦ ਖੂੰਦ/ ਪਰਾਲੀ/ਨਾੜ ਨੂੰ ਖੇਤਾਂ ਵਿੱਚ ਅੱਗ ਲਗਾ ਦਿੰਦੇ ਹਨ। ਜਿਸ ਨਾਲ ਵਾਤਾਵਰਣ, ਜੀਵ ਜੰਤੂਆਂ, ਲਾਗੇ ਖੜੀ ਫਸਲ, ਸੜਕ ਦੇ ਕਿਨਾਰੇ ਲਗਾਏ ਬੂਟੇ/ਦਰਖਤਾਂ ਨੂੰ ਨੁਕਸਾਨ ਹੋਣ ਦਾ ਡਰ ਰਹਿੰਦਾ ਹੈ ਅਤੇ ਆਮ ਪਬਲਿਕ ਦੀ ਸਿਹਤ ਤੇ ਮਾੜਾ ਅਸਰ ਪੈਂਦਾ ਹੈ ਅਤੇ ਜਮੀਨ ਦੀ ਉਪਜਾਊ ਸਕਤੀ ਵੀ ਖਤਮ ਹੁੰਦੀ ਹੈ। ਇਸ ਲਈ ਕਣਕ ਦੀ ਰਹਿੰਦ ਖੂੰਦ/ਪਰਾਲੀ/ਨਾੜ ਨੂੰ ਅੱਗ ਲਗਾਉਣ ਤੇ ਪਾਬੰਦੀ ਲਗਾਈ ਗਈ ਹੈ। ਇਹ ਹੁਕਮ ਤਰੁੰਤ ਲਾਗੂ ਹੋ ਕੇ 31 ਮਈ 2026 ਤੱਕ ਲਾਗੂ ਰਹੇਗਾ।

ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਨਵੇਂ ਚੁਣੇ ਅਹੁਦੇਦਾਰਾਂ ਦਾ ਕੀਤਾ ਸਨਮਾਨ

ਅਸ਼ੋਕ ਨਾਨੋਵਾਲ ਵੱਲੋਂ ਕਰਵਾਇਆ ਸਮਾਰੋਹ

ਨਵਾਂਸ਼ਹਿਰ /ਬਲਾਚੌਰ, 31 ਮਾਰਚ (ਜਤਿੰਦਰ ਪਾਲ ਸਿੰਘ ਕਲੇਰ) ਸ਼੍ਰੋਮਣੀ ਅਕਾਲੀ ਦਲ ਵੱਲੋਂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂ ਸ਼ਹਿਰ) ਦੇ ਪਾਰਟੀ ਆਗੂਆਂ ਨੂੰ ਵੱਖ-ਵੱਖ ਵਿੰਗਾਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਦੇ ਸੰਦਰਭ ਵਿੱਚ, ਜ਼ਿਲ੍ਹੇ ਦੇ ਨਵੇਂ ਨਿਯੁਕਤ ਅਹੁਦੇਦਾਰਾਂ ਨੂੰ ਸਨਮਾਨਿਤ ਕਰਨ ਲਈ ਇੱਕ ਵਿਸ਼ੇਸ਼ ਸਮਾਗਮ ਸੀਨੀਅਰ ਅਕਾਲੀ ਆਗੂ ਅਸ਼ੋਕ ਕੁਮਾਰ ਨਾਨੋਵਾਲ ਵੱਲੋਂ ਸ਼ਿਵਾਲਿਕ ਰੈਸਟੋਰੈਂਟ ਬਲਾਚੌਰ ਵਿਖੇ ਕੀਤਾ ਗਿਆ।ਸਮਾਗਮ ਵਿੱਚ ਉਚੇਚੇ ਤੌਰ ਤੇ ਪੁੱਜੇ ਸ਼੍ਰੋਮਣੀ ਅਕਾਲੀ ਦਲ ਦੇ ਜਿਲ੍ਹਾ ਆਬਜ਼ਰਵਰ ਕਮਲ ਚੇਤਲੀ ਨੇ ਕਿਹਾ ਕਿ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੇ ਕਾਰਜਕਾਲ ਵਿੱਚ ਕੀਤੇ ਹੋਏ ਵਿਕਾਸ ਦੇ ਕੰਮਾਂ ਨੂੰ ਚੇਤੇ ਕਰਦੇ ਹੋਏ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਨਾਉਂਣ ਦਾ ਮਨ ਬਣਾ ਚੁੱਕੇ ਹਨ। ਉਨ੍ਹਾਂ ਨੇ ਸਮੂਹ ਆਗੂਆਂ ਨੂੰ ਇੱਕਮੁੱਠ ਹੋ ਕੇ ਪਾਰਟੀ ਦੀਆਂ ਨੀਤੀਆਂ ਨੂੰ ਲੋਕਾਂ ਤੱਕ ਪੁਹੰਚਾਉਣ ਦੀ ਅਪੀਲ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਸੁਖਦੀਪ ਸਿੰਘ ਸ਼ੁਕਾਰ ਨੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਆਪਣੇ ਵਰਕਰਾਂ ਦੀ ਮਿਹਨਤ ਦਾ ਮੁੱਲ ਪਾਇਆ ਹੈ। ਉਹਨਾਂ ਨੇ ਕਿਹਾ ਕਿ ਬਲਾਚੌਰ ਹਲਕੇ ਦੇ ਅਕਾਲੀ ਆਗੂ ਤੇ ਵਰਕਰ ਬਹੁਤ ਮਿਹਨਤੀ ਹਨ ਜਿਨਾਂ ਨੇ ਮਾੜੇ ਸਮੇਂ ਵਿੱਚ ਵੀ ਪਾਰਟੀ ਦੀ ਚੜ੍ਹਦੀ ਕਲਾ ਲਈ ਅੱਗੇ ਹੋ ਕੇ ਕੰਮ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਬੁਲਾਰੇ ਜਥੇਦਾਰ ਗੁਰਬਖਸ਼ ਸਿੰਘ ਖਾਲਸਾ ਨੇ

ਅਸ਼ੋਕ ਨਾਨੋਵਾਲ ਵੱਲੋਂ ਕਰਵਾਏ ਸਮਾਗਮ ਮੌਕੇ ਪਾਰਟੀ ਦੇ ਨਵੇਂ ਚੁੱਣੇ ਆਗੂਆਂ ਦੇ ਕੀਤੇ ਸਨਮਾਨ ਸਮਾਰੋਹ ਦੌਰਾਨ ਜ਼ਿਲ੍ਹਾ ਪ੍ਰਧਾਨ ਸੁਖਦੀਪ ਸ਼ੁਕਾਰ,ਕਮਲ ਜੇਟਲੀ ਅਤੇ ਜਥੇਦਾਰ ਗੁਰਬਖਸ ਸਿੰਘ ਖਾਲਸਾ ਆਦਿ ਹਾਜ਼ਰ ਸਨ।

ਆਪਣੇ ਸੰਬੋਧਨ ਵਿੱਚ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੰਥ, ਪੰਜਾਬ ਪੰਜਾਬੀ ਤੇ ਪੰਜਾਬੀਅਤ ਦੀ ਮੁੱਦਈ ਪਾਰਟੀ ਹੈ। ਜਿਸ ਨੇ ਹਮੇਸ਼ਾ ਹਰ ਵਰਗ ਦੀ ਭਲਾਈ ਲਈ ਕੰਮ ਕੀਤਾ ਹੈ। ਇਸ ਮੌਕੇ ਬਲਾਚੌਰ ਹਲਕੇ ਤੋਂ ਸੀਨੀਅਰ ਅਕਾਲੀ ਆਗੂ ਅਤੇ ਸਮਾਗਮ ਦੇ ਮੁੱਖ ਪ੍ਰਬੰਧਕ ਅਸ਼ੋਕ ਕੁਮਾਰ ਨਾਨੋਵਾਲ ਨੇ ਕਿਹਾ ਕਿ ਪੰਜਾਬ ਨੂੰ ਲੋੜ ਹੈ ਕਿ ਪੰਜਾਬ ਦੇ ਹੱਕਾਂ ਤੇ ਹਿੱਤਾਂ ਲਈ ਲੜਨ ਵਾਲੀ ਪਾਰਟੀ ਨੂੰ ਅੱਗੇ ਲਿਆਂਦਾ ਜਾਵੇ। ਪੰਜਾਬ ਦੇ ਹਿੱਤ ਸ਼੍ਰੋਮਣੀ ਅਕਾਲੀ ਦਲ ਦੇ ਹੱਥਾਂ ਵਿੱਚ ਸੁਰੁਖਿਅਤ ਹਨ। ਉਹਨਾਂ ਨੇ ਨਾਮ ਨਿਯੁਕਤ ਅਹੁਦੇਦਾਰਾਂ ਨੂੰ ਵਧਾਈ ਦਿੰਦੇ ਹੋਏ ਆਸ ਪ੍ਰਗਟਾਈ ਕਿ ਸਮੁੱਚੇ ਆਗੂ ਪਹਿਲਾਂ ਨਾਲੋਂ ਵੀ ਵੱਧ ਤਨਦੇਹੀ ਨਾਲ ਪਾਰਟੀ ਦੀ ਚੜ੍ਹਦੀ ਕਲਾ ਦੇ ਕੰਮ ਕਰਨਗੇ। ਇਸ ਮੌਕੇ ਨਵ ਨਿਯੁਕਤ ਅਹੁਦੇਦਾਰਾਂ ਨੇ ਕਿਹਾ ਕਿ ਪਾਰਟੀ ਦੀ ਚੜ੍ਹਦੀ ਕਲਾ ਲਈ ਤਨ ਮਨ ਨਾਲ ਸੇਵਾ ਕਰਕੇ ਪਾਰਟੀ ਦੀਆਂ ਨੀਤੀਆਂ ਨੂੰ ਘਰ ਘਰ ਤੱਕ ਪਹੁੰਚਾਣਗੇ ਅਤੇ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਨੂੰ ਵੱਡੀ ਲੀਡ ਨਾਲ ਜਿੱਤ ਦਰਜ ਕਰਾਉਣਗੇ।ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਜਿਲ੍ਹਾ ਆਬਜ਼ਾਰਵਰ ਕਮਲ ਜੇਤਲੀ ਨੇ ਕਿਹਾ ਕਿ ਬਲਾਚੌਰ ਵਿੱਚ ਵੀ ਹਲਕਾ ਇਚਾਰਜ ਜਲਦੀ ਲਗਾਇਆ ਜਾਵੇਗਾ ਪੰਜਾਬ ਦੇ ਬਹੁਤ ਸਾਰੇ ਹਲਕੇ ਹਨ ਜਿਨ੍ਹਾਂ ਦੇ ਇਚਾਰਜ ਨਹੀਂ ਲਗਾਏ ਗਏ ਇਸ ਮੌਕੇ ਜਿਲ੍ਹਾ ਪ੍ਰਧਾਨ ਨੇ ਕਿਹਾ ਕਿ ਬਲਾਚੌਰ ਵਿੱਚ 29ਫੀਸਦੀ ਵੋਟਾਂ ਬਲਾਕ ਸੰਮਤੀ ਜ਼ਿਲ੍ਹਾ ਪ੍ਰੀਸ਼ਦ ਵੇਲੇ ਪਈਆਂ ਹਨ ।ਅੱਜ ਦੇ ਇਸ ਪ੍ਰੋਗਰਾਮ ਵਿੱਚ ਸਤਨਾਮ ਸਿੰਘ ਸਾਬਕਾ ਡੀ ਐਸ ਪੀ, ਪ੍ਰੇਮ ਟੋਰੋਵਾਲ, ਗੁਰਨਾਮ ਸਿੰਘ ਥੋਪੀਆ, ਅਸ਼ਵਨੀ ਬੱਗੂਵਾਲ, ਦਿਨੇਸ਼ ਕਰੀਹਾ ਐਸ ਸੀ ਵਿੰਗ ਜ਼ਿਲ੍ਹਾ ਪ੍ਰਧਾਨ, ਨਰੇਸ਼ ਕਰੀਮਪੁਰ ਚਾਹਵਾਲਾ, ਹਰੀਪਾਲ ਜਾਡਲੀ, ਹਜੂਰਾ ਸਿੰਘ, ਜੋਗਿੰਦਰ ਅਟਵਾਲ, ਰਣਵੀਰ ਸਿੰਘ ਭੱਟੀ, ਵਿਜੇ ਕੁੱਕੜ ਸੂਹਾ, ਅਜਮੇਰ ਭਰਾਪੁਰ, ਗੁਰਵਿੰਦਰ ਸਿੰਘ, ਚੰਨੀ ਚਾਂਦਪੁਰ ਰੁੜਕੀ, ਸੁਰਿੰਦਰ ਰੌੜੀ, ਸੁਰਿੰਦਰ ਪਟਵਾਰੀ, ਸਤਿ ਪਾਲ ਆਦਿ ਤੋਂ ਇਲਾਵਾ ਬਹੁ ਗਿਣਤੀ ਅਕਾਲੀ ਵਰਕਰ ਆਗੂ ਹਾਜ਼ਿਰ ਸਨ । ਪ੍ਰੋਗਰਾਮ ਦੇ ਪ੍ਰਬੰਧਕ ਅਸ਼ੋਕ ਨਾਨੋਵਾਲ ਵੱਲੋਂ ਸਾਰੇ ਆਏ ਹੋਏ ਸੀਨੀਅਰ ਆਗੂਆਂ ਅਤੇ ਪਾਰਟੀ ਸਮਰਥਕਾਂ ਦਾ ਧੰਨਵਾਦ ਕੀਤਾ ਅਤੇ ਪਾਰਟੀ ਵਰਕਰਾਂ ਨੂੰ ਉਤਸ਼ਾਹਤ ਕਰਦਿਆਂ ਭਵਿੱਖ ਵਿੱਚ 2027ਵੋਟਾਂ ਲਈ ਵਧੇਰੇ ਮਿਹਨਤ ਕਰਨ ਲਈ ਪ੍ਰੇਰਿਆ ਇਸ ਮੌਕੇ ਮੰਚ ਸੰਚਾਲਨ ਜਥੇਦਾਰ ਜੋਗਿੰਦਰ ਸਿੰਘ ਅਟਵਾਲ ਨੇ ਕੀਤਾ।

ਮੂਰਖ਼ ਬਣਨ ਬਣਾਉਂਣ ਦਾ ਦਿਨ

ਦਿਨ ਮੂਰਖ਼ ਬਣਾਉਂਣ ਦਾ ਹੈ ਆਇਆ ,
ਤੂੰ ਗੁੱਸੇ ਕਾਹਨੂੰ ਹੁੰਨੈਂ ਮਿੱਤਰਾ ।
ਤੇਰਾ ਜਾਣ ਬੁੱਝ ਦਿਲ ਨਾ ਦੁਖਾਇਆ ,
ਤੂੰ ਗੁੱਸੇ ਕਾਹਨੂੰ ਹੁੰਨੈਂ ਮਿੱਤਰਾ ।
ਵਿਆਹ ਹੋਇਆ ਏ ਜਿੱਦਣ ਦਾ ਤੇਰਾ ,
ਤੂੰ ਹੱਸਣਾ ਤਾਂ ਭੁੱਲ ਹੀ ਗਿਆ ਸੀ ;
ਤੈਨੂੰ ਕੁੱਝ ਪਲਾਂ ਵਾਸਤੇ ਹਸਾਇਆ ,
ਤੂੰ ਗੁੱਸੇ ਕਾਹਨੂੰ ਹੁੰਨੈਂ ਮਿੱਤਰਾ ।

ਮੂਲ ਚੰਦ ਸ਼ਰਮਾ ਪ੍ਰਧਾਨ ,
ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ
ਸੰਗਰੂਰ : 9914836037

ਜ਼ਿੰਦਗੀ

ਜ਼ਿੰਦਗੀ ਬਹੁਤ ਖੂਬ-ਸੂਰਤ,
ਰੱਬ ਨੇ ਆਉਣ ਬਣਾਈ ਮੂਰਤ।
ਇਸ ਜ਼ਿੰਦਗੀ ਨੂੰ ਜਿਊਣ ਲਈ,
ਓਸ ਡਾਢੇ ਦੀ ਬਹੁਤ ਜ਼ਰੂਰਤ।

ਜ਼ਿੰਦਗੀ ਇਕ ਤੋਹਫ਼ਾ ਅਨਮੋਲ,
ਮਨੁੱਖ ਨੂੰ ਮਿਲੀ ਵਾਂਗ ਸੌਗਾਤ।
ਪਰ ਲੱਗਦੀ ਕਦੀ ਬੁਝਾਰਤ ਵਰਗੀ,
ਕਿਵੇਂ ਬੁੱਝੀਏ ਇਹ ਦੀ ਬਾਤ।

ਜ਼ਿੰਦਗੀ ਦੁੱਖਾਂ-ਸੁੱਖਾਂ ਦਾ ਘਰ,
ਐ ਪਰ ਨਾ ਇਸ ਗੱਲ ਤੋਂ ਡਰ।
ਜ਼ਿੰਦਾ ਦਿਲੀ ਦੇ ਨਾਲ ਜਿਊਣਾ,
ਜੇ ਕਰਨੀ ਇਹ ਦੀ ਮੰਜ਼ਿਲ ਸਰ।

ਜ਼ਿੰਦਗੀ ਦੇ ਪਲ ਖੱਟੇ-ਮਿੱਠੇ,
ਨਾ ਇਹ ਰਹਿੰਦੇ ਹਨ ਇਕ ਸਾਰ।
ਪਰ ਇਹੋ ਲੱਗਦਾ ਸ਼ੁੱਧ ਵਿਚਾਰ,
ਨਾਲ ਦਲੇਰੀ ਕਰਨੇ ਪਾਰ।

ਜ਼ਿੰਦਗੀ ਵਿੱਚ ਉਤਰਾ ਚੜਾ ਦਾ ਆਉਣਾ,
ਹੁੰਦਾ ਆਮ ਵਰਤਾਰਾ।
ਦ੍ਰਿੜ ਇਰਾਦਾ ਮਜ਼ਬੂਤ ਹੌਸਲਾ ਰੱਖ,
ਅੱਗੇ ਕਦਮ ਵਧਾਉਣਾ।

ਜ਼ਿੰਦਗੀ ਦੇ ਵਿੱਚ ਮੁਸ਼ਕਿਲ ਦੇ ਨਾਲ,
ਜੇ ਸਿੱਖ ਲਊਂ ਟਕਰਾਉਣਾ।
ਇਕ ਨਾ ਇਕ ਦਿਨ ਮੰਜ਼ਿਲ ਉੱਤੇ,
ਸੱਚ-ਮੁੱਚ ਤੂੰ ਪੁੱਜ ਜਾਣ।

ਇਮਾਨਦਾਰੀ ਨਾਲ ਚੱਲ ਦੇ ਰਹਿਣਾ,
ਆਪੇ ਬਣਦਾ ਜਾਊ ਰਾਹ।
ਬਨਾਰਸੀ ਦਾਸ ਅਧਿਆਪਕ ਲਿਖਦਾ,
ਪਲ-ਪਲ ਓਹ ਦੀ ਵਿੱਚ ਰਜ਼ਾ।

ਬਨਾਰਸੀ ਦਾਸ ਅਧਿਆਪਕ ਰੱਤੇਵਾਲ
ਮੋ: 94635-05286

ਚਿੜਾ ਚਿੜੀ

ਮੈਂ ਲੱਖ ਅਰਮਾਨ ਸਜਾਏ ਸੀ
ਦਿਲ ਇਸ ਚੰਦਰੇ ਨੂੰ ਦਿੱਤਾ ਸੀ
ਪਰ ਇਸਨੇ ਮੇਰੇ ਸੰਗ ਰਹਿਕੇ ਮੇਰੇ ਨਾਲ਼ ਧੋਖਾ ਕੀਤਾ ਸੀ
ਮੈਂ ਦਿਲ ਸਾਂ ਜਿਸਨੂੰ ਦੇ ਬੈਠੀ ਪਰ ਏਹ ਸੱਚਾ ਦਿਲਦਾਰ ਨਹੀਂ
ਮੈਂ ਚਿੜੀ ਵਿਚਾਰੀ ਕੀ ਕਰਾਂ ਮੇਰਾ ਚਿੜਾ ਜਮਾਂ ਵਫਾਦਾਰ ਨਹੀਂ
ਏਹ ਚਿੜੀਆਂ ਦੇ ਵੱਲ ਤੱਕਦਾ ਹੈ ਇਸਨੂੰ ਮੇਰੇ ਨਾਲ਼ ਪਿਆਰ ਨਹੀਂ
ਮੈਂ ਚਿੜੀ ਹੋਕੇ ਦੱਸ ਕੀ ਕਰਾਂ ...

ਅਸੀਂ ਡੱਕੇ ਕੱਠੇ ਕਰ ਕਰ ਕੇ ਉਂਝ ਕੱਠਿਆਂ ਆਲ੍ਹਣਾ ਪਾਇਆ ਹੈ
ਇਹਨੇ ਸਾਥੀ ਮੇਰੇ ਹੋਣ ਵਾਲ਼ਾ ਚਲੋ ਏਹਤਾਂ ਫਰਜ਼ ਨਿਭਾਇਆ ਹੈ
ਜਦੋਂ ਮੈਂ ਉੱਡਣ ਲਈ ਕਹਿੰਦੀ ਹਾਂ ਓਦੋਂ ਭਰਦਾ ਫੇਰ ਉਡਾਰ ਨਹੀਂ
ਇੱਕ ਚਿੜੀ ਵਿਚਾਰੀ ਕੀ ਕਰੇ ਮੇਰਾ ਚਿੜਾ ਜਮਾਂ ਵਫਾਦਾਰ ਨਹੀਂ
ਏਹ ਚਿੜੀਆਂ ਦੇ ਵੱਲ ਤੱਕਦਾ ਹੈ ਇਸਨੂੰ ਮੇਰੇ ਨਾਲ਼ ਪਿਆਰ ਨਹੀਂ

ਏਹ ਪਿਓ ਹੈ ਮੇਰੇ ਬੋਟਾਂ ਦਾ
ਉਂਝ ਮੇਰੇ ਨਾਲ਼ ਹੀ ਰਹਿੰਦਾ ਹੈ
ਜਦੋਂ ਮੈਂ ਕਿਧਰੇ ਉੱਡ ਜਾਂਦੀ ਹਾਂ ਏਹ ਉੱਡ ਓਥੇ ਜਾ ਬਹਿੰਦਾ ਹੈ
ਜਿੱਥੇ ਲੱਗਿਆ ਮੇਲਾ ਹੁਸਨਾਂ ਦਾ ਏਹ ਓਹਨਾਂ ਦਾ ਹੱਕਦਾਰ ਨਹੀਂ
ਮੈਂ ਚਿੜੀ ਵਿਚਾਰੀ ਕੀ ਕਰਾਂ ਮੇਰਾ ਚਿੜਾ ਜਮਾਂ ਵਫਾਦਾਰ ਨਹੀਂ
ਏਹ ਗੈਰਾਂ ਦੇ ਵੱਲ ਤੱਕਦਾ ਹੈ ਇਸਨੂੰ ਮੇਰੇ ਨਾਲ਼ ਪਿਆਰ ਨਹੀਂ

ਚਲੋ ਘਰ ਦੀ ਫ਼ਿਕਰ ਤਾਂ ਕਰਦਾ ਹੈ ਉਂਝ ਬਹਿੰਦਾ ਕੋਲ਼ੇ ਆ ਆ ਕੇ
ਮੇਰੇ ਬੋਟਾਂ ਨੂੰ ਧੰਨਿਆਂ ਚੋਗਾ ਉਂਝ ਦਿੰਦਾ ਤਾਂ ਹੈ ਲਿਆ ਲਿਆ ਕੇ
ਮੈਂ ਜਿਨਾਂ ਇਸਨੂੰ ਸਮਝੀਂ ਸਾਂ ਏਹ ਓਨਾ ਸਮਝਦਾਰ ਨਹੀਂ
ਮੈਂ ਚਿੜੀ ਵਿਚਾਰੀ ਕੀ ਕਰਾਂ ਮੇਰਾ ਚਿੜਾ ਜਮਾਂ ਵਫਾਦਾਰ ਨਹੀਂ
ਏਹ ਚਿੜੀਆਂ ਦੇ ਵੱਲ ਤੱਕਦਾ ਹੈ ਇਸਨੂੰ ਮੇਰੇ ਨਾਲ਼ ਪਿਆਰ ਨਹੀਂ
ਓਹ ਔਰਤ ਦੱਸ ਫੇਰ ਕੀ ਕਰੇ ਜੀਹਦਾ ਬੰਦਾ ਵਫਾਦਾਰ ਨਹੀਂ...

ਧੰਨਾ ਸਿੰਘ ਧਾਲੀਵਾਲ:-9878235714

ਲੋਕਾਂ ਪੱਲੇ

ਰੋਸ ਪ੍ਰਦਰਸ਼ਨ, ਧਰਨੇ, ਰੈਲੀਆਂ, ਲੋਕਾਂ ਦੇ ਪੱਲੇ ਰਹਿ ਜਾਂਦੇ ਨੇ।
ਹੱਕਾਂ ਲਈ ਸ਼ਸ਼ਕੇਰਨ ਵਾਲੇ, ਕੁਰਸੀਆਂ ਉੱਪਰ ਬਹਿ ਜਾਂਦੇ ਨੇ।
ਮੁੱਢੋਂ ਚਲਦਾ ਆਇਆ ਤੰਤਰ, ਆਮ ਦੇ ਸਮਝ ਨਾ ਆਇਆ ਏ।
ਬੱਸ ਜਿਹੜਾ ਸਿੱਖ ਗਿਆ ਮੰਤਰ, ਉਹਨੂੰ ਰੱਜ ਕੇ ਭਾਇਆ ਏ।
ਲੜਾਉਣ ਵਾਲੇ ਮੂਹਰੇ ਹੁੰਦੇ, ਲੜਨੇ ਵਾਲੇ ਫਾਡੀ ਰਹਿ ਜਾਂਦੇ ਨੇ।
ਜ਼ੁਲਮ ਖਿਲਾਫ ਦਵੱਲਣ ਵਾਲੇ, ਗੋਲ ਟੇਬਲਾਂ 'ਤੇ ਬਹਿ ਜਾਂਦੇ ਨੇ।
ਸੱਤਾ ਦੇ ਵਿੱਚ ਹੁੰਦਿਆਂ ਜਿਹਨੂੰ, ਗਰੀਬ ਦਾ ਖਿਆਲ ਨਾ ਆਉਂਦਾ ਏ।
ਕੁਰਸੀ ਖੁੱਸਦਿਆਂ ਉਹੀ ਗੁਰਬਤ ਦੇ, ਰੱਜ ਰੱਜ ਸੋਹਲੇ ਗਾਉਂਦਾ ਏ।
ਜਦ ਗੱਲ ਆਪ 'ਤੇ ਆਉਂਦੀ, ਸਰਕਾਰਾਂ ਮੂਹਰੇ ਲੰਮੇ ਪੈ ਜਾਂਦੇ ਨੇ।
ਅਸੂਲਾਂ ਦੀ ਖਾਤਰ ਖੜਨੇ ਵਾਲੇ, ਚੇਅਰਮੈਨੀਆਂ ਲੈ ਜਾਂਦੇ ਨੇ।
ਮਹਿਫਲਾਂ ਦੇ ਵਿੱਚ ਹੱਸਣ ਵਾਲੇ, ਮੁਜ਼ਾਰਿਆਂ ਦੇ ਵਿੱਚ ਰੋਂਦੇ ਨੇ।
ਸਮਝ ਨੀ ਆਉਂਦੀ ਕੈਮਰੇ ਮੂਹਰੇ, ਕਿੰਝ ਹਾਵ-ਭਾਵ ਲੁਕੋਂਦੇ ਨੇ।
ਸਮਝੋਂ ਪਰੇ ਜੋ ਹੁੰਦੀਆਂ ਗੁਰਜਿੰਦਰਾ, ਉਹ ਗੱਲਾਂ ਕਹਿ ਜਾਂਦੇ ਨੇ।
ਹੱਕਾਂ ਲਈ ਸ਼ਸ਼ਕੇਰਨ ਵਾਲੇ, ਕੁਰਸੀਆਂ ਮੱਲ ਕੇ ਬਹਿ ਜਾਂਦੇ ਨੇ।

ਗੁਰਜਿੰਦਰ ਸਿੰਘ ਸਾਹਦੜਾ
9815302341



ਇੰਸਪੈਕਟਰ ਸੁਭਾਸ਼ ਲਾਲ ਖੇਪੜ 35 ਸਾਲਾਂ ਤੋਂ ਵੱਧ ਬੇਦਾਗ ਸੇਵਾਵਾਂ ਨਿਭਾ ਹੋਏ ਸੇਵਾ ਮੁਕਤ

ਨਵਾਂਸ਼ਹਿਰ /ਕਾਠਗੜ੍ਹ 31 ਮਾਰਚ (ਜਤਿੰਦਰਪਾਲਸਿੰਘ ਕਲੇਰ)– ਪਿੰਡ ਬਣਾ ਦੇ ਜੰਮਪਲ ਇੰਸਪੈਕਟਰ ਸੁਭਾਸ਼ ਲਾਲ ਖੇਪੜ ਜੋ ਕਿ ਡਿਊਟੀ ਚੀਫ ਸੈਕਟਰੀ ਪੰਜਾਬ ਮੋਹਾਲੀ 'ਚ ਤੈਨਾਤ ਸਨ । ਉਹ 29 /6/1990 ਨੂੰ ਭਰਤੀ ਹੋਏ ਸਨ ਅਤੇ 35 ਸਾਲ 9 ਮਹੀਨੇ 2 ਦਿਨ ਬੇਦਾਗ ਸੇਵਾਵਾ ਨਿਭਾਉਦੇ ਹੋਏ ਅੱਜ 31 ਮਾਰਚ 2026 ਨੂੰ ਰਿਟਾਇਰਡ ਹੋਏ ਹਨ । ਇੰਸਪੈਕਟਰ ਸੁਭਾਸ਼ ਲਾਲ ਖੇਪੜ ਦੀ ਬੇਦਾਗ ਸੇਵਾ ਮੁਕਤੀ ਤੇ ਸਾਰਿਆ ਨੇ ਉਸ ਨੂੰ ਤੇ ਉਨਾ ਦੇ ਪਰਿਵਾਰ ਨੂੰ ਘਰ ਪਹੁੰਚ ਕੇ ਬਹੁਤ ਬਹੁਤ ਵਧਾਈ ਦਿੱਤੀਆ । ਇੰਸਪੈਕਟਰ ਸੁਭਾਸ਼ ਲਾਲ

ਖੇਪੜ ਨੇ ਆਪਣੀ ਸਾਰੀ ਨੌਕਰੀ ਬਹੁਤ ਇਮਾਨਦਾਰੀ, ਵਫਾਦਾਰੀ ਅਤੇ ਸੇਵਾ ਭਾਵਨਾ ਦੇ ਪੰਜਾਬ ਦੇ ਵੱਖ ਵੱਖ ਥਾਂਵਾ ਤੇ ਕੀਤੀ । ਇਸ ਮੌਕੇ ਤੇ ਉਨਾ ਦੀ ਸੇਵਾ ਮੁਕਤੀ ਤੇ ਹਲਕੇ ਭਰ ਤੋਂ ਸਮਾਜ ਸੇਵੀਆਂ, ਰਾਜਨੀਤਿਕ, ਧਾਰਮਿਕ ਆਗੂਆਂ ਅਤੇ ਸੰਸਥਾਵਾਂ ਦੇ ਪ੍ਰਤੀਨਿਧੀਆ ਵੱਲੋਂ ਉਨਾ ਦੇ ਨਿਵਾਸ ਸਥਾਨ ਤੇ ਪਹੁੰਚ ਕੇ ਉਨਾ ਨੂੰ ਵਧਾਈਆ ਦਿੱਤੀਆ । ਇਸ ਮੌਕੇ ਸਾਬਕਾ ਵਿਧਾਇਕ ਚੌਧਰੀ ਦਰਸ਼ਨ ਲਾਲ ਮੰਗੂਪੁਰ , ਅਸੋਕ ਕਟਾਰੀਆ, ਹਰਮੇਸ਼ ਲਾਲ,ਹੰਸ ਰਾਜ ਭਾਟੀਆ, ਮਨਿੰਦਰ ਪਾਲ ਖੇਪੜ.ਸੁਖਦੇਵ ਖੇਪੜ, ਰਾਮ ਲਾਲ ਖੇਪੜ, ਸੱਤਪਾਲ ਅੱਸੀ, ਰਾਜ ਕੁਮਾਰ, ਮਨੀ ਪੀ ਪੀ, ਪਵਨ ਕੁਮਾਰ ਪੀ ਪੀ, ਸੇਠੀ ਖਟਾਣਾ , ਰਾਕੇਸ਼ ਚੇਚੀ, ਹਰਮੇਸ਼ ਚੇਚੀ, ਪਵਨ ਕੁਮਾਰ ਬਾਂਠ, ਸ਼ਿਵ ਰਾਮ ਕਸਾਨਾਂ , ਵਾਸਦੇਵ ਬਨਾ ਤੇ ਹੋਰ ਪਤਵੰਤੇ ਮੌਜੂਦ ਰਹੇ ।

ਰਸੋਈ ਗੈਸ ਦੀ ਸਪਲਾਈ ਹਰ ਘਰ ਤਕ ਨਿਰਵਿਘਨ ਕੀਤੀ ਜਾਵੇ : ਸਾਂਝਾ ਕਿਸਾਨ ਮਜ਼ਦੂਰ ਮੋਰਚਾ

ਨਵਾਂਸ਼ਹਿਰ /ਕਾਠਗੜ੍ਹ 31ਮਾਰਚ(ਜਤਿੰਦਰਪਾਲ ਸਿੰਘ ਕਲੇਰ) ਅਮਰੀਕਾ ਈਰਾਨ ਦੀ ਜੰਗ ਦਾ ਮਾੜਾ ਅਸਰ ਸਮੁੱਚੀ ਮਾਨਵਤਾ ਤੇ ਪੈ ਰਿਹਾ ਹੈ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਾਥੀ ਕਰਨ ਸਿੰਘ ਰਾਣਾ ਸੂਬਾਈ ਜਨਰਲ ਸਕੱਤਰ ਨੇ ਅੱਜ ਇੱਥੇ ਵਰਕਰਾਂ ਦੀ ਮੀਟਿੰਗ ਤੋਂ ਬਾਅਦ ਕੀਤਾ । ਉਹਨਾਂ ਕਿਹਾ ਕਿ ਪੰਜਾਬ ਅੰਦਰ ਜੰਗ ਕਾਰਨ ਮਹਿੰਗਾਈ ਤੇਜ਼ੀ ਨਾਲ ਵਧ ਰਹੀ ਹੈ, ਉਦਯੋਗ ਤੇ ਮਾੜਾ ਅਸਰ ਪੈ ਰਿਹਾ ਹੈ ਅਤੇ ਰੋਜ਼ਗਾਰ ਘੱਟ ਰਿਹਾ ਹੈ । ਭਾਵੇਂ ਸਰਕਾਰ ਪ੍ਰਚਾਰ ਕਰ ਰਹੀ ਹੈ ਕਿ ਰਸੋਈ ਗੈਸ ਦੀ ਕੋਈ ਘਾਟ ਨਹੀਂ ਹੈ ਪਰ ਦਰੁਸਤ ਪ੍ਰਬੰਧ ਨਾ ਹੋਣ ਕਾਰਨ ਆਮ ਖਪਤਕਾਰਾਂ ਨੂੰ ਰਸੋਈ ਗੈਸ ਪ੍ਰਾਪਤ ਕਰਨ ਵਿਚ ਭਾਰੀ ਦਿੱਕਤ ਝੱਲਣੀ ਪੈ ਰਹੀ ਹੈ ।ਸਾਥੀ ਰਾਣਾ ਨੇ ਜਾਣਕਾਰੀ ਦਿੱਤੀ ਕਿ ਰਸੋਈ ਗੈਸ ਪ੍ਰਾਪਤ ਕਰਨ ਲਈ ਆਨਲਾਈਨ ਬੁਕਿੰਗ ਕਰਵਾਉਣੀ ਪੈਂਦੀ ਹੈ ਪਰ ਸਰਵਰ ਡਾਊਨ ਦਾ ਬਹਾਨਾ ਆਮ ਹੀ ਦੇਖਿਆ ਜਾਂਦਾ ਹੈ ਜੋ ਲੋਕਾਂ ਵਿੱਚ ਭਾਰੀ ਬੇਚੈਨੀ ਅਤੇ ਅਪੜਾ ਤਫ਼ਰੀ ਪੈਦਾਂ ਕਰਦਾ ਹੈ । ਪੰਜਾਬ ਅੰਦਰ ਰਸੋਈ ਗੈਸ ਸਪਲਾਈ ਕਰਨ ਦਾ ਕੰਮ 950 ਡਿਸਟ੍ਰੀਬਿਊਟਰ ਕਰਦੇ ਹਨ, ਜੋ 98 ਲੱਖ ਘਰਾਂ ਵਿੱਚ ਗੈਸ ਸਿਲੰਡਰਾਂ ਦੀ ਸਪਲਾਈ ਖੁਦ ਕਰਦੇ ਹਨ । ਸਰਕਾਰੀ ਪ੍ਰਬੰਧਾਂ ਦੀ ਕਮੀ ਕਾਰਨ ਲੋਕਾਂ ਨੂੰ ਗੈਸ ਉਹਨਾਂ ਦੇ ਘਰਾਂ ਵਿੱਚ ਨਹੀਂ ਮਿਲ ਰਹੀ ਬਲਕਿ ਬਹੁਤੇ ਇਹ ਏਜੰਸੀ ਵਾਲੇ ਲੋਕਾਂ ਨੂੰ ਕਈ ਕਈ ਕਿਲੋਮੀਟਰ ਦੂਰ ਆਪਣੇ ਸਟੋਰਾਂ ਵਿੱਚ ਬੁਕਿੰਗ ਤੋਂ ਬਾਅਦ ਗੈਸ ਦਿੰਦੇ ਹਨ । ਖਪਤਕਾਰ ਦੀ ਪੂਰੀ ਦਿਹਾੜੀ ਸਟੋਰ ਤੋਂ ਗੈਸ ਪ੍ਰਾਪਤ ਕਰਨ ਵਿੱਚ ਲੱਗ ਜਾਂਦੀ ਹੈ, ਜਦ ਕਿ ਅਰਿਤ ਖਪਤਕਾਰ ਅਤੇ ਬਜ਼ੁਰਗ ਖਪਤਕਾਰਾਂ ਲਈ ਕਈ ਕਿਲੋਮੀਟਰ ਦਾ ਸਫਰ ਤੈਅ ਕਰਕੇ ਸਟੋਰਾਂ ਤੋਂ ਗੈਸ ਪ੍ਰਾਪਤ ਕਰਨੀ ਬਹੁਤ ਮੁਸ਼ਕਲ ਹੈ । ਉਨਾਂ ਕਿਹਾ ਕਿ ਪੀਐਨਜੀ ਦੀ ਗੈਸ ਸਿਲੰਡਰਾਂ ਤੋਂ ਕਾਫੀ ਮਹਿੰਗੀ ਪੈਂਦੀ ਹੈ ਹਾਲਾਂਕਿ ਪਿੰਡਾਂ ਵਿੱਚ ਤਾਂ ਇਹ ਕਨੈਕਸ਼ਨ ਅਜੇ ਮਿਲੇ ਹੀ ਨਹੀਂ । ਮੀਟਿੰਗ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਜਿਲਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਰਸੋਈ ਗੈਸ ਦੀ ਸਪਲਾਈ ਨਿਰਵਿਘਨ ਖਪਤਕਾਰਾਂ ਦੇ ਘਰਾਂ ਤੱਕ ਕੀਤੀ ਜਾਵੇ । ਜੇ ਕਿਧਰੇ ਵੀ ਰਸੋਈ ਗੈਸ ਦੀ ਕਾਲਾ ਬਜ਼ਾਰੀ ਹੋ ਰਹੀ ਹੈ ਤਾਂ ਉਸ ਨੂੰ ਸਖਤੀ ਨਾਲ ਰੋਕਿਆ ਜਾਵੇ । ਇਸ ਮੌਕੇ ਕਰਨੈਲ ਸਿੰਘ ਭੱਲਾ, ਚੰਨਣ ਸਿੰਘ ਮੰਡਿਆਣੀ , ਪਰਮਜੀਤ ਸਿੰਘ, ਵਿਨੋਦ ਚੋਪੜਾ ਹਰਦੇਵ ਸਿੰਘ ਰਾਣਾ , ਸੱਤਪਾਲ ਸਿੰਘ ਸਾਰੋਵਾਲ ਅਤੇ ਮਨੋਹਰ ਲਾਲ ਟੌਂਸਾ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ।

ਸੰਯੁਕਤ ਕਿਸਾਨ ਮੋਰਚਾ ਤੇ ਟ੍ਰੇਡ ਯੂਨੀਅਨ ਦੀ ਹੋਈ ਸਾਂਝੀ ਮੀਟਿੰਗ:- ਜ਼ਿਲਾ ਪ੍ਰਧਾਨ ਸਮਸ਼ੇਰ ਸਿੰਘ ਜਲਾਲੇਆਣਾ

ਫ਼ਰੀਦਕੋਟ (ਸ਼ਿਵਨਾਥ) ਸੰਯੁਕਤ ਕਿਸਾਨ ਮੋਰਚਾ ਤੇ ਟ੍ਰੇਡ ਯੂਨੀਅਨ ਦੀ ਸਾਂਝੀ ਮੀਟਿੰਗ ਰੈਸਟ ਹਾਊਸ ਫ਼ਰੀਦਕੋਟ ਵਿਖੇ , ਭਾਰਤੀ ਕਿਸਾਨ ਯੂਨੀਅਨ ਕਾਦੀਆ 2 ਜਿਲਾ ਪ੍ਰਧਾਨ ਸਮਸ਼ੇਰ ਸਿੰਘ ਜਲਾਲੇਆਣਾ ਦੀ ਅਗਵਾਈ ਹੇਠ ਹੋਈ। ਜਿਸ ਵਿੱਚ ਸੰਯੁਕਤ ਕਿਸਾਨ ਮੋਰਚਾ ਅਤੇ ਟ੍ਰੇਡ ਯੂਨੀਅਨ ਜ਼ਿਲਾ ਫਰੀਦਕੋਟ ਦੇ ਆਗੂ ਸਾਹਿਬਾਨ ਨੇ ਭਾਗ ਲਿਆ , ਜਿੰਨਾ ਵਿੱਚ ਸਮਸ਼ੇਰ ਸਿੰਘ ਕਿੰਗਰਾ ਕਨਵੀਨਰ ਜ਼ਿਲਾ ਫਰੀਦਕੋਟ ਸੰਯੁਕਤ ਕਿਸਾਨ ਮੋਰਚਾ, ਰਜਿੰਦਰ ਸਿੰਘ ਦੀਪ ਸਿੰਘ ਵਾਲਾ ਸੂਬਾ ਜਨਰਲ ਸਕੱਤਰ ਕਿਰਤੀ ਕਿਸਾਨ ਯੂਨੀਅਨ, ਭੁਪਿੰਦਰ ਸਿੰਘ ਔਲਖ ਸੂਬਾ ਜਨਰਲ ਸਕੱਤਰ ਭਾਰਤੀ ਕਿਸਾਨ ਯੂਨੀਅਨ ਪੰਜਾਬ, ਸੂਬਾ ਪ੍ਰਧਾਨ ਪ੍ਰੇਮ ਚਾਵਲਾ, ਗੁਰਚਰਨ ਸਿੰਘ ਚਾਨੀ ਪੈਨਸ਼ਨਰ ਯੂਨੀਅਨ, ਇੰਦਰਜੀਤ ਸਿੰਘ ਗਿੱਲ ਬਿਜਲੀ ਬੋਰਡ, ਬਲਕਾਰ ਸਿੰਘ ਸਹੋਤਾ ਜਰਨਲ ਸਕੱਤਰ ਮੰਡੀ ਬੋਰਡ, ਰਛਪਾਲ ਸਿੰਘ ਬਰਾੜ ਜ਼ਿਲਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ, ਜੋਰਾ ਸਿੰਘ ਭਾਣਾ ਜ਼ਿਲਾ ਜਰਨਲ ਸਕੱਤਰ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਦਾ ਧਨੇਰ, ਸੁਖਦੇਵ ਸਿੰਘ ਬੱਬੀ ਬਰਾੜ ਜ਼ਿਲਾ ਜਰਨਲ ਸਕੱਤਰ ਕ੍ਰਾਂਤੀਕਾਰੀ ਕਿਸਾਨ ਯੂਨੀਅਨ,

ਸੁਖਦੇਵ ਸਿੰਘ ਫੌਜੀ ਜ਼ਿਲਾ ਜਰਨਲ ਸਕੱਤਰ ਭਾਰਤੀ ਕਿਸਾਨ ਯੂਨੀਅਨ ਡਕੌਦਾ ਬੁਰਜਗਿੱਲ, ਸੁਰਜੀਤ ਸਿੰਘ ਜ਼ਿਲਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਲੱਖੋਵਾਲ, ਸੁਖਜਿੰਦਰ ਸਿੰਘ ਤੂਬੜਭੰਨ ਜ਼ਿਲਾ ਪ੍ਰਧਾਨ ਕੁਲਹਿੰਦ ਕਿਸਾਨ ਸਭਾ,ਸ਼ਿਵਨਾਥ ਦਰਦੀ ਸਕਿਓਰਟੀ ਆਗੂ , ਰਾਜਬੀਰ ਸੰਧਵਾ ਜ਼ਿਲਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਪੰਜਾਬ, ਸੁਖਪਾਲ ਸਿੰਘ ਜਿਲਾ ਪ੍ਰੈਸ ਸਕੱਤਰ ਕੌਮੀ ਕਿਸਾਨ ਯੂਨੀਅਨ, ਮੁਖ਼ਤਿਆਰ ਸਿੰਘ ਭਾਣਾ , ਸੁਖਦੀਪ ਸਿੰਘ ਬਲਾਕ ਆਗੂ ਭਾਰਤੀ ਕਿਸਾਨ ਯੂਨੀਅਨ ਉਗਰਾਹਾ, ਅਮਰਜੀਤ ਸਿੰਘ ਪੰਨੂ ਜ਼ਿਲਾ ਆਗੂ ਕਿਰਤੀ ਕਿਸਾਨ ਯੂਨੀਅਨ, ਸੂਰਤ ਸਿੰਘ ਮਾਹਲਾ ਜ਼ਿਲਾ ਆਗੂ ਜਮੂਹਰੀ ਕਿਸਾਨ ਸਭਾ,ਨਛੱਤਰ ਸਿੰਘ ਜ਼ਿਲਾ ਸੀਨੀਅਰ ਮੀਤ ਪ੍ਰਧਾਨ ਕਾਦੀਆ, ਸਿਮਰਜੀਤ ਸਿੰਘ ਬਰਾੜ ਜ਼ਿਲਾ ਪ੍ਰਧਾਨ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜਿਲਾ ਫਰੀਦਕੋਟ, ਗੁਰਚਰਨ ਸਿੰਘ ਮਾਨ , ਕੁਲਦੀਪ ਸਰਮਾ ਮੁਲਾਜ਼ਮ ਆਗੂ ਨਗਰ ਕੌਂਸਲ, ਵੀਰ ਸਿੰਘ ਕੌਮੇਆਣਾ ਨਰੇਗਾ ਯੂਨੀਅਨ, ਸੰਯੁਕਤ ਕਿਸਾਨ ਮੋਰਚੇ ਵੱਲੋਂ 6 ਅਪ੍ਰੈਲ ਨੂੰ ਡੀ ਸੀ ਦਫਤਰ ਫਰੀਦਕੋਟ ਵਿਖੇ 11 ਵਜੇ ਤੋ 2 ਵਜੇ ਤੱਕ ਵਿਸ਼ਾਲ ਧਰਨਾ ਪ੍ਰਦਰਸ਼ਨ ਕੀਤਾ ਜਾਵੇਗਾ। ਜਿਸਦੇ ਤਹਿਤ ਕਿਸਾਨ,ਮਜਦੂਰ, ਮੁਲਾਜ਼ਮ, ਵਿਦਿਆਰਥੀਆ ਆਦਿ ਦੀਆਂ ਮੰਗਾ ਨੂੰ ਲੈ ਕੇ ਡਿਪਟੀ ਕਮਿ-ਸਨਰ ਫਰੀਦਕੋਟ ਨੂੰ ਮੰਗ ਪੱਤਰ ਵੀ ਸੌਂਪਿਆ ਜਾਵੇਗਾ।

ਪੰਜਾਬ ਵਿੱਚ ਕੈਮੀਕਲ ਨਸਿਆ ਜਿਵੇ ਚਿੱਟਾ ਜੀਭ ਵਾਲੀ ਗੋਲੀ ਆਦਿ ਤੇ ਪਾਬੰਦੀ ਲਾ ਕੇ ਪੀੜਤ ਲੋਕਾ ਨੂੰ ਫੀਮ ,ਪੋਸਤ ਦੇ ਠੇਕੇ ਖੋਲੇ ਜਾਨ ਅਤੇ ਨਸੇ ਤੋ ਪੀੜਤ ਲੋਕਾ ਨੂੰ ਰਾਹਤ ਮਿਲ ਸਕੇ ।

ਸੜਕ ਨਿਰਮਾਣ ਨਾਲ ਇਲਾਕੇ ਦਾ ਹੋਵੇਗਾ ਸਰਵਪੱਖੀ ਵਿਕਾਸ – ਬ੍ਰਹਮ ਸ਼ੰਕਰ ਜਿੰਪਾ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਸੋਮਵਾਰ ਨੂੰ ਬਿਲਾਸਪੁਰ-ਸਿੰਘਪੁਰ ਸੜਕ ਤੋਂ ਬਜਵਾੜਾ - ਬੁੱਲਾਂਵਾੜੀ ਤੱਕ ਸੜਕ ਨਿਰਮਾਣ ਕਾਰਜ ਦਾ ਸ਼ੁਭ ਆਰੰਭ ਕੀਤਾ। ਇਸ ਪ੍ਰੋਜੈਕਟ 'ਤੇ ਲਗਭਗ 295.36 ਲੱਖ ਦੀ ਲਾਗਤ ਆਵੇਗੀ ਅਤੇ ਇਹ ਲਗਭਗ 7.69 ਕਿਲੋਮੀਟਰ ਲੰਬੀ ਸੜਕ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਇਲਾਕੇ ਦੇ ਲੋਕਾਂ ਲਈ ਆਵਾਜਾਈ ਵਿੱਚ ਕਾਫ਼ੀ ਸਹੂਲਤ ਮਿਲੇਗੀ ਅਤੇ ਪੇਂਡੂ ਖੇਤਰਾਂ ਅਤੇ ਸ਼ਹਿਰ ਵਿਚਕਾਰ ਸੰਪਰਕ ਮਜ਼ਬੂਤ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਬਜਵਾੜਾ ਪਿੰਡ ਵਿੱਚ 400 ਮੀਟਰ ਲੰਬੀ ਕੰਕਰੀਟ ਸੜਕ ਵੀ ਬਣਾਈ ਜਾ ਰਹੀ ਹੈ, ਜੋ ਬਰਸਾਤ ਦੇ ਮੌਸਮ ਦੌਰਾਨ ਵਸਨੀਕਾਂ ਨੂੰ ਰਾਹਤ ਪ੍ਰਦਾਨ ਕਰੇਗੀ।ਉਨ੍ਹਾਂ ਅੱਗੇ

ਕਿਹਾ ਕਿ ਸੁਚਾਰੂ ਅਤੇ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਉਣ ਲਈ ਬਜਵਾੜਾ ਪਿੰਡ ਤੋਂ ਬਿਲਾਸਪੁਰ ਅਤੇ ਨੰਗਲ ਸ਼ਹੀਦਾਂ ਪਿੰਡ ਤੱਕ ਸੜਕ ਦੀ ਚੌੜਾਈ 10 ਤੋਂ ਵਧਾ ਕੇ 14 ਫੁੱਟ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਖੇਤਰ ਦੇ ਵਿਕਾਸ ਨੂੰ ਨਵੀਂ ਗਤੀ ਦੇਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗਾ। ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬਿਹਤਰ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ ਅਤੇ ਸੜਕਾਂ ਦਾ ਨਿਰਮਾਣ ਅਤੇ ਸੁਧਾਰ ਸਰਕਾਰ ਦੀਆਂ ਤਰਜੀਹਾਂ ਵਿੱਚੋਂ ਇੱਕ ਹੈ। ਉਨ੍ਹਾਂ ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਮਾਣ ਕਾਰਜਾਂ ਨੂੰ ਉੱਚ ਗੁਣਵੱਤਾ ਨਾਲ ਨਿਰਧਾਰਤ ਸਮਾਂ ਸੀਮਾ ਦੇ ਅੰਦਰ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

ਅੰਬੇਡਕਰ ਮਿਸ਼ਨ ਸੁਸਾਇਟੀ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੇ ਜਨਮ ਉਤਸਵ ਦਾ ਸੱਦਾ-ਪੱਤਰ ਕੀਤਾ ਰਿਲੀਜ਼

ਜਲੰਧਰ (ਸਮਾਜ ਵੀਕਲੀ): ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਸੁਸਾਇਟੀ ਦੇ ਪ੍ਰਧਾਨ ਪ੍ਰੋ. ਬਲਬੀਰ ਜੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ 14 ਅਪ੍ਰੈਲ ਨੂੰ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ 135ਵੇਂ ਜਨਮ ਉਤਸਵ ਦੀਆਂ ਤਿਆਰੀਆਂ ਦਾ ਜਾਇਜਾ ਲਿਆ ਗਿਆ। ਸੁਸਾਇਟੀ ਵੱਲੋਂ ਮੀਟਿੰਗ ਵਿੱਚ ਬਾਬਾ ਸਾਹਿਬ ਡਾ.ਅੰਬੇਡਕਰ ਦੇ ਜਨਮ ਦਿਵਸ ਸਮਾਗਮ ਦਾ ਸੱਦਾ-ਪੱਤਰ ਵੀ ਰਿਲੀਜ ਕੀਤਾ ਗਿਆ। ਪ੍ਰਸਿੱਧ ਅੰਬੇਡਕਰੀ, ਮਹਾਨ ਚਿੰਤਕ, ਨਿਡਰ ਬੁਲਾਰੇ, ਭੀਮ ਪਤ੍ਰਿਕਾ ਦੇ ਸੰਪਾਦਕ ਸ੍ਰੀ ਲਹੌਰੀ ਰਾਮ ਬਾਲੀ ਨੇ ਆਪਣੇ ਹੋਰ ਅੰਬੇਡਕਰਵਾਦੀ ਸਾਥੀਆਂ ਦੇ ਸਹਿਯੋਗ ਨਾਲ ਅੰਬੇਰਡਕਰ ਮਿਸ਼ਨ ਸੁਸਾਇਟੀ ਪੰਜਾਬ ਦਾ ਗਠਨ 1978 ਵਿੱਚ ਕੀਤਾ ਸੀ। ਸੁਸਾਇਟੀ ਦਾ ਮੁੱਖ ਦਫਤਰ ਬਾਬਾ ਸਾਹਿਬ ਦੀ ਚਰਨ-ਛੋਹ ਪ੍ਰਾਪਤ ਇਤਿਹਾਸਿਕ ਭੂਮੀ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ ਜਲੰਧਰ ਵਿਖੇ ਹੈ ਅਤੇ ਇਹ ਆਪਣੀਆਂ ਗਤੀਵਿਧੀਆਂ ਉਥੋਂ ਹੀ ਚਲਾਉਂਦੀ ਹੈ। 1978 ਤੋਂ, ਅੰਬੇਡਕਰ ਮਿਸ਼ਨ ਸੁਸਾਇਟੀ ਲਗਾਤਾਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਨ ਬਹੁਤ ਧੂਮਧਾਮ ਅਤੇ ਸ਼ਰਧਾ ਨਾਲ ਮਨਾਉਂਦੀ ਆ ਰਹੀ ਹੈ। ਇਸ ਵਾਰ 14 ਅਪ੍ਰੈਲ ਨੂੰ ਸਮਾਗਮ ਵਿੱਚ ਪ੍ਰੋਫੈਸਰ ਅਨਵਰ ਪਾਸ਼ਾ - ਸਾਬਕਾ ਚੇਅਰਪਰਸਨ, ਭਾਰਤੀ ਭਾਸ਼ਾਵਾਂ ਕੇਂਦਰ, ਜੇ ਐਨ ਯੂ, ਨਵੀਂ ਦਿੱਲੀ ਬਤੌਰ ਮੁੱਖ ਮਹਿਮਾਨ ਪਹੁੰਚ ਰਹੇ ਹਨ ਅਤੇ ਕਾਮਰੇਡ ਮੰਗਤ ਰਾਮ ਪਾਸਲਾ - ਪ੍ਰਸਿੱਧ ਸਮਾਜਿਕ ਚਿੰਤਕ ਅਤੇ ਮਜ਼ਦੂਰ ਨੇਤਾ, ਮੁੱਖ ਬੁਲਾਰੇ ਵਜੋਂ ਸ਼ਿਰਕਤ ਕਰਨਗੇ। ਇਸ ਤੋਂ ਪਹਿਲਾਂ ਵੀ ਸੁਸਾਇਟੀ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਵਿਦਵਾਨਾ ਨੂੰ ਲੋਕਾਂ ਦੇ ਰੂਬਰੂ ਕਰਵਾਇਆ ਹੈ। ਇਹ ਜਾਣਕਾਰੀ ਅੰਬੇਡਕਰ ਮਿਸ਼ਨ ਸੁਸਾਇਟੀ ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਕੇ ਦਿੱਤੀ। ਇਸ ਮੌਕੇ ਚਰਨ ਦਾਸ ਸੰਧੂ, ਪਰਮਿੰਦਰ ਸਿੰਘ ਖੁੱਤਨ, ਪਰਮਜੀਤ ਜੱਸਲ, ਐਡਵੋਕੇਟ ਹਰਭਜਨ ਸਾਂਪਲਾ, ਜਸਵਿੰਦਰ ਵਰਿਆਣਾ, ਤਿਲਕ ਰਾਜ, ਡਾ. ਮਹਿੰਦਰ ਸੰਧੂ, ਨਿਰਮਲ ਬਿੰਜੀ, ਪ੍ਰੋ. ਅਸ਼ਵਨੀ ਜੱਸਲ, ਸਤਨਾਮ ਸਿੰਘ ਬਧਾਵਨ ਆਈਐਫਐਸ (ਰਿਟਾ.) ਅਤੇ ਪ੍ਰਿੰਸੀਪਲ ਡਾ. ਕੇ. ਐਸ. ਫੁੱਲ ਹਾਜ਼ਰ ਸਨ।

ਬਲਦੇਵ ਰਾਜ ਭਾਰਦਵਾਜ
ਜਨਰਲ ਸਕੱਤਰ
ਅੰਬੇਡਕਰ ਮਿਸ਼ਨ
ਸੁਸਾਇਟੀ ਪੰਜਾਬ (ਰਜਿ.)

ਪ੍ਰਧਾਨ ਪ੍ਰੋ. ਬਲਬੀਰ ਜੀ, ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਅਤੇ ਸੁਸਾਇਟੀ ਦੇ ਪ੍ਰਮੁੱਖ ਅਹੁਦੇਦਾਰ ਸਮਾਗਮ ਦਾ ਸੱਦਾ-ਪੱਤਰ ਰਿਲੀਜ਼ ਕਰਦੇ ਹੋਏ।

ਹਰਪ੍ਰੀਤ ਬੀਸੀਏ ਵਿਭਾਗ ਦੇ ਪਹਿਲੇ ਸਮੈਸਟਰ 'ਚ ਅਵੱਲ

ਨਵਾਂਸ਼ਹਿਰ, 31 ਮਾਰਚ(ਜਤਿੰਦਰ ਪਾਲ ਸਿੰਘ ਕਲੇਰ) ਕਰਿਆਮ ਰੋਡ 'ਤੇ ਸਥਿਤ ਕੇਸੀ ਸਕੂਲ ਆਫ਼ ਮੈਨੇਜਮੈਂਟ ਐਂਡ ਕੰਪਿਊਟਰ ਐਪਲੀਕੇਸ਼ਨਜ਼ (ਕੇਸੀਐਸਐਮਸੀਏ) ਕਾਲਜ ਦੇ ਇੰਦਰ ਕੁਮਾਰ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀਸੀਏ (ਬੈਚਲਰ ਆਫ਼ ਕੰਪਿਊਟਰ ਐਪਲੀਕੇਸ਼ਨਜ਼) ਦਾ ਨਵੰਬਰ-ਦਸੰਬਰ 2025 ਦੇ ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਮੁੱਖੀ ਪ੍ਰਭਜੋਤ ਕੌਰ ਅਤੇ ਵਿਭਾਗ ਮੁਖੀ ਤਨੀਸ਼ਾ ਨੇ ਦੱਸਿਆ ਕਿ ਹਰਪ੍ਰੀਤ ਨੇ 7.77 ਐਸਜੀਪੀਏ (ਸਮੈਸਟਰ ਗ੍ਰੇਡ ਪੁਆਇੰਟ ਔਸਤ) ਨਾਲ ਕਾਲਜ 'ਚ ਪਹਿਲਾ, ਨਵਜੋਤ ਕੌਰ ਨੇ 7.59 ਐਸਜੀਪੀਏ ਲੈ ਕੇ ਦੂਜਾ ਅਤੇ ਸ਼ਿਵਮ ਰਾਣਾ ਨੇ 7.36 ਐਸਜੀਪੀਏ ਨਾਲ ਤੀਜਾ ਸਥਾਨ ਹਾਸਲ ਕੀਤਾ ਹੈ। ਕੇਸੀ ਗਰੁੱਪ ਦੇ ਚੇਅਰਮੈਨ ਪ੍ਰੇਮਪਾਲ ਗਾਂਧੀ, ਕੈਂਪਸ ਡਾਇਰੈਕਟਰ ਡਾ. ਅਵਤਾਰ ਚੰਦ ਰਾਣਾ,ਤਨੀਸ਼ਾ ,ਅਨੀਤਾ ਰਾਣੀ, ਇੰਜ.ਜਤਿੰਦਰ ਕੌਰ, ਮੋਨਿਕਾ ਧੀਮ ਨੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਹੈ।

ਹਰਪ੍ਰੀਤ, ਨਵਜੋਤ ਕੌਰ, ਸ਼ਿਵਮ ਰਾਣਾ।

ਪਿੰਡ ਮਖਸੂਸਪੁਰ ਵਿੱਚ 19 ਲੱਖ ਦੇ ਵਿਕਾਸ ਕਾਰਜ ਲੋਕ ਅਰਪਣ ਕੀਤੇ - ਵਿਧਾਇਕ ਡਾਕਟਰ ਇਸ਼ਾਂਕ

ਪਾਣੀ ਦੀ ਟੈਂਕੀ ਲਈ 21 ਲੱਖ ਰੁਪਏ ਦੇ ਹੋਰ ਫੰਡ ਦੇਣ ਦਾ ਐਲਾਨ

ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ) ਪੇਂਡੂ ਵਿਕਾਸ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਵਿਧਾਇਕ ਡਾ. ਇਸ਼ਾਂਕ ਕੁਮਾਰ ਨੇ ਮਖਸੂਸਪੁਰ ਵਿਖੇ ਕਈ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰ ਪਿੰਡ ਵਾਸੀਆਂ ਨੂੰ ਸਮਰਪਿਤ ਕੀਤਾ ਮ। 8 ਲੱਖ ਰੁਪਏ ਦੀ ਗ੍ਰਾਂਟ ਨਾਲ ਦੋ ਧਰਮਸ਼ਾਲਾਵਾਂ ਦੀ ਉਸਾਰੀ ਅਤੇ ਮੁਰੰਮਤ ਸ਼ਾਮਲ ਸੀ, ਜਦੋਂ ਕਿ ਪਿੰਡ ਦੀ ਇੱਕ ਗਲੀ ਦੇ ਵਿਕਾਸ ਲਈ 11 ਲੱਖ ਰੁਪਏ ਦੀ ਰਾਸ਼ੀ ਵਰਤੀ ਗਈ ਸੀ। ਉਦਘਾਟਨ ਸਮਾਰੋਹ ਨੂੰ ਪਿੰਡ ਵਾਸੀਆਂ ਵੱਲੋਂ ਉਤਸ਼ਾਹਜਨਕ ਹੁੰਗਾਰਾ ਮਿਲਿਆ, ਜਿਨ੍ਹਾਂ ਨੇ ਇਹਨਾਂ ਪ੍ਰੋਜੈਕਟਾਂ ਦੇ ਪੂਰੇ ਹੋਣ 'ਤੇ ਆਪਣੀ ਖੁਸ਼ੀ ਅਤੇ ਸੰਤੁਸ਼ਟੀ ਪ੍ਰਗਟ ਕੀਤੀ। ਉਨ੍ਹਾਂ ਨੇ ਇਹਨਾਂ ਯਤਨਾਂ ਦੀ ਸ਼ਲਾਘਾ ਕਰਦੇ ਹੋਏ ਇਹ ਉਜਾਗਰ ਕੀਤਾ ਕਿ ਧਰਮਸ਼ਾਲਾ ਅਤੇ ਪੱਕੀ ਗਲੀ ਦੇ ਬਣਨ ਨਾਲ ਪਿੰਡ ਵਾਸੀਆਂ ਦਾ ਰੋਜ਼ਾਨਾ ਜੀਵਨ ਬਿਹਤਰ ਹੋਵੇਗਾ ਅਤੇ ਸਮਾਜਿਕ ਅਤੇ ਭਾਈਚਾਰਕ ਇਕੱਠਾਂ ਲਈ ਬਿਹਤਰ ਸਹੂਲਤ ਮਿਲੇਗੀ ।ਇਕੱਠ ਨੂੰ ਸੰਬੋਧਨ ਕਰਦਿਆਂ, ਵਿਧਾਇਕ ਨੇ ਵਿਕਾਸ ਨੂੰ ਜਾਰੀ ਰੱਖਣ ਦੀ ਵਚਨਬੱਧਤਾ ਦੁਹਰਾਈ ਅਤੇ ਪਿੰਡ ਵਿੱਚ ਪਾਣੀ ਦੀ ਉਪਲਬਧਤਾ ਨੂੰ ਵਧਾਉਣ ਦੇ ਉਦੇਸ਼ ਨਾਲ, ਪਾਣੀ ਦੀ ਟੈਂਕੀ ਲਈ ਵੀ 21 ਲੱਖ ਰੁਪਏ ਦੀ ਰਕਮ ਜਾਰੀ ਕਰਨ ਦਾ ਐਲਾਨ ਕੀਤਾ ।"ਮੇਰੇ ਹਲਕੇ ਦੇ ਨਿਵਾਸੀਆਂ ਦੀ ਖੁਸ਼ੀ ਅਤੇ ਆਸ਼ੀਰਵਾਦ ਮੈਨੂੰ ਹਰ ਰੋਜ਼ ਹੋਰ ਮਿਹਨਤ ਕਰਨ ਅਤੇ ਹੋਰ ਬਿਹਤਰ ਨਤੀਜੇ ਦੇਣ ਲਈ ਪ੍ਰੇਰਿਤ ਕਰਦੇ ਹਨ,"ਡਾ. ਇਸ਼ਾਂਕ ਨੇ ਆਪਣੀ ਲੋਕ-ਕੇਂਦ੍ਰਿਤ ਸੋਚ ਜ਼ਾਹਿਰ ਕਰਦਿਆਂ ਕਿਹਾ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਡਾ ਇਸ਼ਾਂਕ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ ਅਤੇ ਇਸ ਭਰੋਸੇ ਨਾਲ ਸਭਾ ਦੀ ਸਮਾਪਤੀ ਹੋਈ, ਕਿ ਉਹ ਆਪਣੇ ਵਿਧਾਇਕ ਦੇ ਨਾਲ ਹਮੇਸ਼ਾ ਖੜ੍ਹੇ ਰਹਿਣਗੇ। ਜੋ ਆਪਣੇ ਹਲਕੇ ਵਿੱਚ ਸੁਧਾਰ ਅਤੇ ਵਿਕਾਸ ਲਈ ਵਚਨਬੱਧ ਹਨ। ਇਸ ਮੌਕੇ ਸਰਪੰਚ ਨੀਲਮ ਸ਼ਰਮਾ, ਪੰਚ ਕੁਸ਼ਲ ਕੁਮਾਰ ਬਬਲੂ, ਮਹਿੰਦਰ ਸਿੰਘ ਪੰਚ, ਜੋਤੀ ਪੰਚ, ਰੇਖਾ ਦੇਵੀ ਪੰਚ, ਦਲਵੀਰ ਸਿੰਘ ਸਾਬਕਾ ਪੰਚ, ਅਜਾਇਬ ਪੰਚ, ਬਲਬੀਰ ਸਿੰਘ, ਮੋਹਨ ਲਾਲ, ਫੌਜੀ ਲਾਲ ਸਿੰਘ, ਸਤਪਾਲ ਬਾਗਲਾ, ਬਲਦੇਵ ਸਿੰਘ ਫੌਜੀ, ਜਤਿੰਦਰ ਕੁਮਾਰ ਆਦਿ ਹਾਜ਼ਰ ਸਨ।

ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
HOMOEOPATHIC HEALTH CLINIC (DERBY) REGD.

MANJEET SINGH KHANBA
Award Winner 1999, 2001 & 2005
(2 Awards) BSYA

ਰੋਜ਼ ਕਿਸੇ ਵੀ ਤਰ੍ਹਾਂ ਦਾ ਹੋਵੇ ਜਾਂ ਹੋਵੇ ਰੋਜ਼ ਦੀ ਸੁਰੂਆਤ, ਸਹੀ ਦਵਾਈ ਅਤੇ ਸਹੀ ਇਲਾਜ ਨਾ ਮਿਲਣ ਤੇ ਬੀਮਾਰੀ ਵੱਧ ਜਾਂਦੀ ਹੈ, ਇੰਝ ਨਾ ਕਰੋ ਆਪਣੀ ਮਾਨਸਿਕ ਜਾਂ ਸ਼ਰੀਰਕ ਪ੍ਰੇਸ਼ਾਨੀ ਬਾਰਤ ਸਾਨੂੰ ਫੋਨ ਕਰੋ, ਅਸੀਂ ਮੁਫ਼ਤ ਸਲਾਹ ਮਸ਼ਵਰਾ (FREE CONSULTATION) ਦਿੰਦੇ ਹਾਂ ਅਤੇ ਸਾਰੀਆਂ ਬਿਮਾਰੀਆਂ ਦਾ ਇਲਾਜ ਕਰਦੇ ਹਾਂ, ਜਿਵੇਂ :

GENERAL DISEASES: ਸ਼ੱਕਰ ਰੋਗ (Diabetes), ਦਮੇ ਦੀ ਬੀਮਾਰੀ (Asthma), ਜੋੜਾਂ ਦੀ ਸੋਜ (Arthritis), ਵਾਤ ਰੋਗ (Rheumatism), ਜੋੜਾਂ, ਮਾਸਪੇਸ਼ੀਆਂ, ਗੋਡਿਆਂ-ਮੋਢਿਆਂ, ਪਿੱਠ ਅਤੇ ਗੀਹ ਦੇ ਦਰਦ (Sciatica), ਬਦਹਜ਼ਮੀ (Indigestion), ਮੇਹਦਾ ਕਮਜ਼ੋਰ, ਖੱਟੇ ਡਕਾਰ, ਦਿਲ ਵਿੱਚ ਜਲਨ (Heart Burning) ਅਤੇ ਦਰਦ, ਕਬਜ਼ੀ (Constipation), ਬਵਾਸੀਰ (Piles) ਖੂਨੀ ਜਾਂ ਬਾਦੀ, ਮੁਹਾਸੇ (Haemorrhoids), ਅਫਾਰਾ (Flatulence), ਪੀਲੀਆ ਰੋਗ (Jaundice), ਜਿਗਰ ਦਾ ਸੁੱਜ ਜਾਣਾ (Hepatitis), ਹਰਨੀਆਂ (Hernia), ਬਲੱਡ ਪ੍ਰੈਸ਼ਰ (Blood Presure High or Low), ਕਲਸੇਜ, ਅੱਗਾ ਵਿੱਚ ਪਾਣੀ ਭਰਨਾ, ਚੁੱਕ ਪੈਣੀ, ਮੁਟਾਪਾ (Obesity), ਅੱਧੇ ਜਾਂ ਪੂਰੇ ਸਿਰ ਦਾ ਦਰਦ (Migraine), ਵਾਲਾਂ ਦਾ ਟੁੱਟਣਾ (Hair Falling) ਜਾਂ ਸਮੇਂ ਤੋਂ ਪਹਿਲੇ ਸਫੇਦ ਹੋ ਜਾਣਾ, ਗੰਜ, ਚਿਹਰੇ ਤੇ ਛੋਲਾਪਣ (Alopecia), ਚੇਹਰੇ ਦੇ ਮੁਹਾਸੇ (Acne), ਝਿਲਮੀ, ਛਿਹਰੀ (Pigmentation), ਝੁਰੜੀਆਂ ਅਤੇ ਸ਼ਾਦੀਆ, ਦੰਦਾਂ ਦਾ ਦਰਦ, ਮਸੂੜਿਆਂ ਵਿੱਚੋਂ ਖੂਨ ਅਤੇ ਪੀਸ ਨਿਕਲੇ (Bleeding Gums & Pyorrhoea), ਕੰਨਾਂ ਵਿੱਚੋਂ ਪੀਪ ਦਾ ਆਉਣਾ ਜਾਂ ਪਰਦੇ ਵਿੱਚ ਮੋਰੀ, ਕੰਨਾਂ ਵਿੱਚ ਆਵਾਜਾਂ ਸੁਣਨੀਆਂ (Tinnitis) ਜਾਂ ਬੋਲਾਪਣ, ਖੂਨ ਦੀ ਬੀਮਾਰੀਆਂ, ਮਲਦੇ ਦੀ ਸੋਜ, ਪਿਸ਼ਾਬ ਦੀ ਰੁਕਾਵਟ ਅਤੇ ਜਲਨ, ਪਿਸ਼ਾਬ ਵਿੱਚ ਖੂਨ ਆਉਣਾ, ਰੁਕਵੇ ਵਿੱਚ ਪੱਥਰੀ, ਚੱਕਰ (Vertigo), ਖਰਾਬ-ਨੀਂਦ, ਖਬਤਰੀਕਤਾ (Anaemia), ਭਾਰ ਘੱਟਣਾ, ਨਾੜਾਂ ਵਿੱਚ ਦਰਦ (Neuralgia), ਮਾਨਸਿਕ ਨਿਢਾਲਤਾ ਅਤੇ ਬੇਚੈਨੀ (Depression).

{ ਖੁਜਲੀ Eczema ਜਾਂ ਸੋਰਾਈਸਿਜ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

EYE DROPS: ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜ਼ਮਾਓ) £13

TONICS - 1) ਸ਼ਰੀਰਕ ਸ਼ਕਤੀ ANAEMIA, ਖੂਨ ਦੇ ਘੱਟ ਜੰਗਣ, ਸ਼ਰਮੀਕਲ ਅਪ੍ਰੇਸ਼ਨ ਜੇ ਪ੍ਰੈਗਨੈਂਸੀ ਤੋਂ ਬਾਅਦ ਆਈ ਕਮਜ਼ੋਰੀ ਨੂੰ ਦੂਰ ਕਰਦਾ ਹੈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ਮਾਨਸਿਕ ਤਨਾਅ, ਥਕਾਣ, ਉਦਾਸੀਪਣ, ਪ੍ਰੇਸ਼ਾਨੀ, ਡਿਪ੍ਰੈਸ਼ਨ ਤੇ ਹਰ ਬਿਮਾਰੀ ਵਿਚ ਮਦਦ, ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1)	ਮਰਦਾਨਾ ਤਾਕਤ ਦਾ ਫੈਲਾਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
2)	ਥੁਕਵਟ ਦਾ ਸ਼ਰਤਿਹਰੀ ਨੁਸਖਾ- -------- 1 ਮਹੀਨੇ ਦੀ ਕੀਮਤ	£35
3)	ਧਾਤ ਲਈ (ਵੀਰਜ ਨੂੰ ਗਾੜਾ ਕਰਕੇ HEALTHY SPERMS) ਪੈਦਾ ਕਰਦਾ ਹੈ-1 ਮਹੀਨੇ ਦੀ ਕੀਮਤ	£40
4)	ਲੰਮੇ ਸਮੇਂ ਤੋਂ ਹੱਥ ਕਾਮੀ ਕਾਰਨ ਪੈਦਾ ਹੋਈ ਨਾਮਰਦੀ- -------- 1 ਮਹੀਨੇ ਦੀ ਕੀਮਤ	£35
5)	ਗਲਤਫਹਮੀਆਂ ਕਾਰਨ ਚਿੰਤਾ ਕਮਜ਼ੋਰ, ਨੱਸ, ਟੇਸ਼ਾ ਅਤੇ ਛੋਟਾ- ------- 1 ਮਹੀਨੇ ਦੀ ਕੀਮਤ	£35
6)	ਨਰਿਆਂ ਕਾਰਨ ਸਰੀਰਕ ਕੰਜ਼ਰੋਰ ਦੀ ਕਮਜ਼ੋਰੀ ਅਤੇ ਨਾਮਰਦੀ -------- 1 ਮਹੀਨੇ ਦੀ ਕੀਮਤ	£30
7)	ਸ਼ੁਗਰਲੇਸ਼ ਦੀ ਬਿਮਾਰੀ ਦਾ ਨੁਸਖਾ- -------- 1 ਮਹੀਨੇ ਦੀ ਕੀਮਤ	£25
8)	ਸਰੀਰਕ ਅਤੇ ਮਿੰਡ ਦੀਆਂ ਨਸਾਂ ਦੀ ਕਮਜ਼ੋਰੀ ਲਈ ਤੋਹ- -------- 1 ਮਹੀਨੇ ਦੀ ਕੀਮਤ	£25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ :

ਐਜ਼ੂਸਪਰਮੀਆਂ (AZOOSPERMIA), ਜਦੋਂ ਵੀਰਜ ਵਿਚਲੇ ਸਪਰਮ ਕਮਜ਼ੋਰ, ਬਰਕਤੀਹੀਨ ਹੋਣ ਜਾਂ ਸਪਰਮ ਬਿਲਕੁਲ ਹੀ ਨਾ ਹੋਣ, ਅੰਡਕੋਸ਼ ਵਿਚ ਪਾਣੀ ਭਰਨਾ (HYDROCELE), ਸੁਜਾਕ (GONORRHOEA), ਸੁਪਾਰੀ ਦੀ ਸੋਜ, ਵਾਰ-ਵਾਰ ਪੇਸ਼ਾਬ ਆਉਣ ਅਤੇ ਕਰਦੇ ਸਮੇਂ ਜਲਨ, ਪ੍ਰਸਟੇਟ ਗ੍ਰੰਥੀ (PROSTATE GLAND) ਦੀ ਸੋਜ ਕਾਰਨ ਵਧੇਰੀ ਉਮਰ ਵਾਲੇ ਬੰਦੇ ਨੂੰ ਪਿਸ਼ਾਬ ਦੇ ਰੋਗ, ਬਹੁਤ ਮੋਟੇ ਬੰਦੇ ਦੀ ਨਾਮਰਦੀ, ਆਤਸ਼ਕ (SYPHILIS) ਕਾਰਨ ਲਿੰਗ ਉਤੇ ਸਖਤ ਜ਼ਖਮ, SPERMATIC ਗ੍ਰੰਥੀ ਦੀਆਂ ਨਸਾਂ ਦਾ ਫੁਲਣਾ (VARICOCELE), ਅੰਡਕੋਸ਼ਾਂ ਦਾ ਸਨਤਾਨ ਵਰਗੇ ਹੋਰ ਵੀ ਮਰਦਾਨਾ ਬੀਮਾਰੀਆਂ ਦਾ ਇਲਾਜ ਵੀ ਅਸੀਂ ਹਾਸਲ ਕਰਦੇ ਹਾਂ, ਹੋਰ ਜਾਣਕਾਰੀ ਲਈ ਫੋਨ ਕਰੋ ਜੀ।

ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

ਮਾਹਵਾਰੀ ਦਾ ਦਰਦ ਜਾਂ ਰੋਜ਼ ਨਾਲ ਆਉਣਾ ਜਾਂ ਥੋੜ੍ਹ ਅਤਰਾ ਵਿੱਚ ਮਾਹਵਾਰੀ, ਜਾਂ ਦਰਦ ਨਾਲ ਆਉਣਾ (Dysmenorrhoea), ਲਿਕੋਰੀਆ ਪਰਦਰ (ਚਰਿਤ ਪਾਣੀ), ਛਾਤੀਆਂ ਦਾ ਸੁੱਜਣਾ ਜਾਂ ਛੋਟੇ ਹੋਣਾ (Atrophy of Mammae) ਜਾਂ ਛਾਤੀਆਂ ਬਹੁਤ ਛਾਤੀਆਂ ਅਤੇ ਮੋਟੀਆਂ, ਛਾਤੀਆਂ ਵਿੱਚ ਸੋਜ (Mastitis), ਛਾਤੀਆਂ ਦਾ ਕੈਂਸਰ, ਛਾਤੀਆਂ ਦੀਆਂ ਡੰਡੀਆਂ ਸੁੰਨ ਜਾ ਡੰਡੀਆਂ ਤੇ ਚੀਰ, ਛਾਤੀਆਂ ਵਿੱਚ ਗੱਠੜੀ, ਦੁੱਧ ਛੋਣਾ, ਬੱਚੇਦਾਨੀ (Uterus) ਵਿਚੋਂ ਵਾਉ ਦਾ ਸਰਨਾ (Physometra) ਜਾਂ ਬੱਚੇਦਾਨੀ ਖੁਲ੍ਹ ਜਾਣ ਦਾ ਅਹਸਾਸ, ਬੱਚੇਦਾਨੀ ਦਾ ਆਪਣੀ ਥਾਂ ਤੋਂ ਹੱਟਣਾ ਜਾਂ ਬਾਹਰ ਆਉਣਾ, ਬੱਚੇਦਾਨੀ ਵਿੱਚ ਗਲੀਲੀ (Fibroid Uterine), ਅੰਡਾਦਾਨੀ ਦੇ ਰੋਗ (Diseases of Ovaries), ਅੰਡਾਦਾਨੀ ਵਿੱਚ ਡਾਲੇ (Ovarian Cysts), ਯੋਨੀ ਦੀ ਇਕਸਮਰ ਸੁੰਕੜੁਤਾ (Vaginimus), ਯੋਨੀ ਦੀ ਸੋਜ (Vaginitis), ਔਰਤਾਂ ਵਿੱਚ ਕਾਮਵਾਸ਼ਨਾ ਦਾ ਘੱਟ ਹੋਣਾ ਜਾਂ ਨਾ ਹੋਣਾ (Frigidity), ਸੰਭੋਗ ਵੇਲੇ ਜਾਂ ਮਗਰੋਂ ਜਲਨ ਦਾ ਹੋਣਾ, ਜਣਨ ਅੰਗਾ ਦੀ ਖੁਜਲੀ (Pruritis), ਜਣਨ ਅੰਗਾਂ ਵਿੱਚ ਫੁਟਕੇ ਅਤੇ ਫਟਵਰ, ਲੰਮਾ ਸਮੇਂ ਸੁਮਾਦ ਨਾ ਆਵੇ, ਬਾਂਝਪਣ (Sterility), ਗਰਭਪਾਤ ਦਾ ਵਾਰ ਵਾਰ ਹੋਣਾ (Miscarriage) ਗਰਭ ਸਮੇਂ ਦੇ ਰੋਗ ਜਾਂ ਜਣੇਪੇ ਮਗਰੋਂ ਦੇ ਰੋਗ (Diseases of Post Partum) ਅਤੇ ਮਾਹਵਾਰੀ ਬੰਦ ਵੇਲੇ ਦੇ ਰੋਗ (Menopause Disorders) - ਹੋਰ ਜਾਣਕਾਰੀ ਲਈ ਫੋਨ ਕਰੋ।

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE. MRS. JASWINDER KAUR KHANBA BSYA. (HOM.), (A.P) AND (NUTRI.)

ਔਰਤਾਂ ਲਈ ਖੁਸ਼ਬਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਮੁਫ਼ਤਰਾਂ ਪੰਜਿਕਾ ਵਿਚ ਪੂਰੀ INFORMATION, ਲਾਭ ------ (1 ਮਹੀਨੇ ਦੀ ਕੀਮਤ)

ਨੁਸਖਾ ਨੰਬਰ 1 (IN TABLETS) : ਇਹ ਦਵਾਈ ਔਰਤਾਂ ਦੇ ਚਿਹਰੇ ਦੇ ਚਿੱਟੇ ਦਾਗ਼ਾ (PIGMENTATION WHITE SPOTS) ਦਾ ਖੁਸ਼ਬਤੀ ਸਫ਼ਾਇਆ ਕਰਦੀ ਹੈ – ਇਕ ਮਹੀਨੇ ਦੀ ਕੀਮਤ -- **£69**

ਨੁਸਖਾ ਨੰਬਰ 2 (IN CAPSULES OR IN PEARLS) : ਬੱਚਿਆਂ ਦੀ ਪੈਦਾਇਸ਼ ਅਤੇ ਦੁੱਧ ਚੁਆਉਣ ਕਾਰਣ ਔਰਤਾਂ ਦੀਆਂ ਢਿੱਲੀਆਂ ਹੋਈਆਂ ਛਾਤੀਆਂ ਨੂੰ ਸ਼ੇਪ ਕਰਕੇ ਸਹੀ PROPER SHAPE ਦਿੰਦੀ ਹੈ – **£89**

ਨੁਸਖਾ ਨੰਬਰ 3 (IN CAPSULES) : ਇਹ ਦਵਾਈ ਹਰ ਉਮਰ ਵਿਚ ਭਾਰ ਘਟਾਉਂਦੀ ਹੈ (POWERFUL FAT BURNER) ਸਰੀਰ ਵਿਚ ਚੁਸਤੀ ਅਤੇ ਫੁਰਤੀ ਪਾਉਂਦੀ ਹੈ । ---------- **£69**

ਨੁਸਖਾ ਨੰਬਰ 4 (IN CAPSULES) : ਇਹ ਦਵਾਈ ਔਰਤਾਂ ਦੇ ਵਧੇ ਹੋਏ ਲਟਕਦੇ ਢਿੱਡ (FLABBY & OUT OF SHAPE BELLY) ਨੂੰ ਘਟਾ ਕੇ FLAT ਅਤੇ TONED ਕਰਕੇ ਛਾਤੀਆਂ ਦੇ ਉਭਾਰ ਨੂੰ ਉਮਦਾਰ ਕਰਦੀ ਹੈ – **£69**

ਨੁਸਖਾ ਨੰਬਰ 5 (IN CAPSULES) ਔਰਤਾਂ ਵਿਚ ਘਟੀ ਹੋਈ ਕਾਮ-ਵਾਸਨਾ (FEMALE SEX-DRIVE) ਨੂੰ ਵਧਾ ਕੇ ਇਹ ਦਵਾਈ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਪੈਦਾ ਕਰਦੀ ਹੈ । A REAL MAGIC ਹਰ ਔਰਤ ਲਈ- **£69**

ਨੁਸਖਾ ਨੰਬਰ 6 (GEL IN APPLICATORS): ਯੋਨੀ ਵਿਚੋਂ ਖੁਸ਼ਕੀ ਅਤੇ ਮਸਟ ਕਾਰਣ SEXUAL DISCOMFORT ਨੂੰ ਦੂਰ ਕਰਕੇ ਕਾਮ-ਵਾਸਨਾ 'ਚ ਵਾਧਾ ਕਰਕੇ ਜ਼ਬਰਦਸਤ ਖ਼ੁਸ਼ੀ ਦਿੰਦੀ ਹੈ VAGINAL LUBRICATION GEL / (MAGIC) ---**£49**

ਨੁਸਖਾ ਨੰਬਰ 7 (IN CAPSULES) : ਮਾਹਵਾਰੀ ਬੰਦ (MENOPAUSE) ਹੋਣ ਬਾਅਦ ਸਰੀਰ ਵਿਚ CALCIUM ਦੀ ਘਾਟ ਕਾਰਣ ਪਾਣੀਹੀਨ ਹੱਡੀਆਂ ਦੀਨੀ ਬਰਕਨੀਹੋ (OSTEOPOROSIS) ਤੋਂ ਬਚਾਅ ------ **£59**

ਨੁਸਖਾ ਨੰਬਰ 8 (IN CAPSULES): ਇਹ ਦਵਾਈ ਚਾਕਣ ਵਾਲਾ ਮੋਟਾ ਦੀਆਂ ਦਵਾਈ ਨੂੰ ਸ਼ਰਨ ਕਰਦੀ ਹੈ -**£59**

ਨੁਸਖਾ ਨੰਬਰ 9 (IN CAPSULES)ਬਹੁ ਵਧੀ ਉਮਰ ਵਿਚ ਘਟ ਵਧੀ ਹਾਰਮੋਨਸ ਲਈ ਇਹ ਇਕ ਅਜ਼ੂਬਾ ਹੈ- **£59**

ਨੁਸਖਾ ਨੰਬਰ 10 (IN CAPSULES) : ਇਹ ਦਵਾਈ ਮਾਨਸਿਕ ਅਤੇ ਸਰੀਰਕ ਥਿਤਾਵਾ ਨੂੰ ਦੂਰ ਕਰਕੇ ਚੰਗਵਾਤੀ ਅਤੇ ਸ਼ਾਨਦਾਰ ਨੀਂਦ ਲਿਆਉਂਦੀ ਹੈ GUARANTEED GOOD QUALITY SLEEP ------- **£59**

ਨੁਸਖਾ ਨੰਬਰ 11 (IN TABLETS): ਇਹ ਦਵਾਈ ਕਬਜ਼ਕਤੀਆਤਾ, ਪੁਰਾਣ ਵਾਲੀ ਕਬਜ਼ (ANCIENT) ਵਿਚ ਹਲੀਲ ਮਗਰੋ ਐਲੋਪੈਥੀ ਦਵਾਈ ਦੀ ਪੁਰਾਣੀ ਕਬਜ਼ ਦੀ ਸਮੱਸਿਆ ਨੂੰ ਦੂਰ ਕਰਦੀ ਹੈ ---------- **£49**

ਮਰਦਾਂ ਲਈ ਖੁਸ਼ਬਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS): ਉਹਨਾ ਖਾਸ ਮੌਕਿਆਂ (SPECIAL OCCASIONS) ਤੇ ਮਜ਼ਾ ਨੂੰ ਆਪਣੀ ਮਰਜ਼ਾਨਸ਼ੀ ਦੀ ਛਾਪ ਛੱਡਣ ਵਿਚ ਇਹ ਦਵਾਈ ਮਦਦ ਕਰਦੀ ਹੈ ---- **£89**

ਨੁਸਖਾ ਨੰਬਰ 13 (IN VIALS): ਮਰਦ ਦੀ ਮਰਜ਼ਾਨਸ਼ੀ ਨੂੰ ਵੇਗਤ (ਘੱਟੇ ਪੈਣ) ਸਿਰਤਾਰੀ ਮਰਜ਼ੀ--- **£89**

ਨੁਸਖਾ ਨੰਬਰ 14 (IN TABLETS): ਢਾਹਣੀ ਉਮਰ ਵਿਚ ਮਰਦਾਂ ਨੂੰ ਆਉਣ ਵਾਲਿਆਂ ਪਿਸ਼ਾਬ ਅਤੇ SEXUAL ਸਮੱਸਿਆਵਾਂ MALE DISORDERS ਨੂੰ ਇਹ ਦਵਾਈ ਹੱਲ ਕਰਦੀ ਹੈ ---- **£69**

ਅੰਦਰੂਨੀ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿਤੇ ਜਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਸਾਰੂ ਢਾਂਚਾ ਕੰਮ ਕਰਦੇ ਹਨ)

PILAES (IN OINTMENT)	ਬਵਾਸੀਰ ਦੀ ਬਿਮਾਰੀ ਵਿਚ ਪਖਾਨੇ ਰਾਸਤਾ ਖੁਲਾ ਵਿਚ ਖੁਜਲੀ ਅਤੇ ਜਲਨ ਤੋਂ ਆਰਾਮ	£19
NURALACO (IN OINTMENT OR LOTION)	--- ਨਾੜਾਂ ਦੇ ਦਰਦ ਅਤੇ ਸਿਰ ਤੋਂ ਆਰਾਮ -----	£19
CHILLAGA (IN OINTMENT OR LOTION)	---ਠੰਢ ਕਾਰਣ ਹੋਣ ਹੋਣ ਵਾਲੀਆਂ ਉਂਗਲਾਂ ਚ ਦਰਦ ਤੇ ਸੋਜ ਤੋਂ ਆਰਾਮ	£19
ARNSTRA (IN OINTMENT)	------ ਚਮੜਾ, ਸੋਰ (SPOTS) ਚੁੰਨੀ ਸੋਟ ਨਾਲ ਹੋਏ ਜਖਮਾਂ ਜਾਂ (BAD SCARS) ਨੂੰ ਆਰਾਮ	£19
BELINFLA (IN OIL OR OINTMENT)	---ਠੰਡਾ, ਪੱਠਿਆਂ ਅਤੇ ਜੋੜਾਂ ਵਿਚ ਸੋਜ, ਲਾਲੀ ਤੇ ਖਿਚ ਦਰਦ ਨੂੰ ਆਰਾਮ	£19
BELULCE (IN OIL)	---- ਮੋਟ ਸੰਭਾਲ ਕਾਰਣ ਹੋਏ ULCERS ਅਤੇ ਜਖਮਾਂ ਨੂੰ ਆਰਾਮ ----------	£19
BRYJOIN (IN OIL)	-ਜੋੜ ਦਾ ਦਰਦਾ, ਵਾਯੂ ਰੋਗ ਨਾਲ ਗਠੜਨਾਲ ਵਿਚ ਅਤੇ ਮੋਢਾਂ 'ਚ ਅਕੜਾਹਟ ਨੂੰ ਆਰਾਮ -	£19
CALWOUN (IN OIL OR OINTMENT)	--- ਸੋਟ ਕਾਰਣ ਜਖਮਾਂ ਦੀ ਪੀਕ ਜਾ ਸਹਤ ਜਾਣ ਤੇ ਸਮਤ ਦਰਦਾ ਤੋਂ ਆਰਾਮ-	£19
BURCAN (IN LOTION OR OINTMENT)	--ਕਿਸੇ ਵੀ ਤਰ੍ਹਾਂ ਮਸਟ ਦੇ ਦਰਦਾ ਅਤੇ ਛਾਲਿਆਂ ਤੋਂ ਸੁਰੱਖਿਆ ਆਰਾਮ ---	£19
ROUTUM (IN OINTMENT)	-- ਸਰੀਰ ਦੇ ਕਿਸੇ ਵੀ ਹਿੱਸੇ ਵਿਚ ਕਿਸਟੀਆਂ ਦੀ ਸੋਜ ਅਤੇ ਦਰਦ ਤੋਂ ਆਰਾਮ ----	£19
JOINRHU (IN OIL)	-- ਜੋੜਾਂ ਦੇ ਦਰਦ, ਸੋਜ ਅੰਦਰ ਦਾਖਲ, ਚੰਗ ਪੈਣ ਅਤੇ ਕੋਲੋਸਾਲ ਪੱਠਿਆਂ ਦੀ ਸੋਜ ਤੋਂ ਆਰਾਮ-	£19
ASSSIL (IN LOTION)	-- ਕਿਸਟੀਆਂ ਦਾ ਛੋਟੇ ਪੱਧਰ ਤੇ ਜਖਮ ਬਣ ਜਾਣ ਦੀ ਹਾਲਤ ਵਿਚ ਸੁਰੱਖਿਆ ਆਰਾਮ ----	£19
ITCSUL (IN OIL)	---- ਸਰੀਰ ਉੱਤੇ ਕਿਸੇ ਵੀ ਤਰ੍ਹਾਂ ਦੀ ਖਾਰਸ਼ ਤੋਂ ਆਰਾਮ ----------	£19
WARTHU (IN OIL)	-ਹਰ ਤਰ੍ਹਾਂ ਦੇ ਖੁਸ਼ਕ, ਤਰ, ਸਪੰਜ ਜਾਂ ਗੋਭੀ ਦੇ ਫੁੱਲ ਵਰਗੇ ਮੁਹਾਸੇ (WARTS) ਤੋਂ ਆਰਾਮ ---	£19

* HOMOEOPATHIC HEALTH CLINIC ਦੇ ਨਾ 'ਤੇ ਹੋਰ ਹੋਸਪਾਲ ਅਖਬਾਰ ਜਾਂ ਫੋਨ ਚਲਾਂ ਹੋਵੇ। (ਹਰ ਅਖਬਾਰ ਲਾਭ £10 ਹਿੱਸਿਆ ਤੇ ਹੋਸਪੋਲ ਅਤੇ)

ਹਰ ਤਰ੍ਹਾਂ ਦੇ ਲਿੰਗਕ ਅਤੇ ਉਹਨਾ ਨਾਲ ਸਰੀਰ 'ਚ ਪਏ ਨੁਕਸ ਤੋਂ ਮੁਕੰਮਲ ਛੁਟਕਾਰਾ ਪੱਕੇ ਸਮਾਰਥਾਨੀ ਅਤੇ ਫੋਨ ਕਰੋ
ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

ਸਟੈਨੋਗਰਾਫਰ ਨੀਰੂ ਬਾਲਾ ਨੂੰ ਸੇਵਾ ਮੁਕਤੀ ਵਿਦਾਇਗੀ ਪਾਰਟੀ ਦੌਰਾਨ ਕਾਲਜ ਸਟਾਫ ਨੇ ਕੀਤਾ ਸਨਮਾਨਿਤ

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਸਰਕਾਰੀ ਪੋਲੀਟੈਕਨਿਕ ਕਾਲਜ ਵਿਖੇ ਲੰਬਾ ਸਮਾਂ ਬਤੌਰ ਸੀਨੀਅਰ ਸਟੈਨੋਗਰਾਫਰ ਵਜੋਂ ਸੇਵਾਵਾਂ ਨਿਭਾਉਣ ਉਪਰੰਤ ਨੀਰੂ ਬਾਲਾ ਦੀ ਸੇਵਾ ਮੁਕਤੀ ਦੀ ਵਿਦਾਇਗੀ ਪਾਰਟੀ ਤੇ ਕਾਲਜ ਸਟਾਫ ਵੱਲੋ ਪ੍ਰਿੰਸੀਪਲ ਰਾਜੇਸ਼ ਕੁਮਾਰ ਅਤੇ ਕਾਲਜ ਦੀ ਸੁਪਰਡੈਂਟ ਅੰਜੂ ਬਾਲਾ ਦੀ ਅਗਵਾਈ ਵਿੱਚ ਵਿਸ਼ੇਸ਼ ਪਰੋ-ਗਰਾਮ ਕਰਵਾਇਆ ਗਿਆ। ਕਾਲਜ ਦੇ ਪ੍ਰਿੰਸੀਪਲ , ਵਿਭਾਗਾਂ ਦੇ ਮੁਖੀਆਂ ਅਤੇ ਸਮੂਹ ਸਟਾਫ ਵੱਲੋ ਨੀਰੂ ਬਾਲਾ ਨੂੰ ਫੁੱਲਾਂ ਦੇ ਗੁਲਦਸਤੇ ਅਤੇ ਫੁੱਲਾਂ ਦੇ ਹਾਰ ਨਾ ਕੇ ਸਨਮਾਨਿਤ ਕੀਤਾ ਗਿਆ। ਕਾਲਜ ਦੇ ਪ੍ਰਿੰਸੀਪਲ ਰਾਜੇਸ਼ ਕੁਮਾਰ ਵੱਲੋਂ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਨੀਰੂ ਬਾਲਾ ਦੇ ਸੇਵਾ ਕਾਲ ਦੌਰਾਨ ਉਨ੍ਹਾਂ ਦੇ ਕੰਮ ਕਾਜ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਨ੍ਹਾਂ ਦੇ ਜਾਣ ਉਪਰੰਤ ਕਾਲਜ ਨੂੰ ਇਨ੍ਹਾਂ ਦੀ ਕਮੀਂ ਹਮੇਸ਼ਾ ਮਹਿਸੂਸ ਹੁੰਦੀ ਰਹੇਗੀ। ਇਸ ਮੌਕੇ ਤੇ ਇਸ ਕਾਲਜ ਵਿਖੇ ਲੰਮਾ ਸਮਾਂ ਸੇਵਾਵਾਂ ਨਿਭਾਉਣ ਵਾਲੇ ਸਾਬਕਾ ਪ੍ਰਿੰਸੀਪਲ ਰਚਨਾ ਕੌਰ ਵੱਲੋਂ ਵਿਸ਼ੇਸ਼ ਤੌਰ ਤੇ ਪਹੁੰਚ ਕੇ ਨੀਰੂ ਬਾਲਾ ਨੂੰ ਮੁਬਾਰਕਬਾਦ ਦਿੱਤੀ ਅਤੇ ਕਿਹਾ ਨੀਰੂ ਬਾਲਾ ਨੇ ਇਸੇ ਕਾਲਜ ਵਿਖੇ ਤਕਰੀਬਨ 35

ਸਾਲ ਸੇਵਾ ਕੀਤੀ ਅਤੇ ਆਪਣੀਆਂ ਸੇਵਾਵਾਂ ਨੂੰ ਸਮਰਪਿਤ ਭਾਵਨਾਵਾਂ ਨਾਲ ਪੂਰਾ ਕੀਤਾ ਉਨ੍ਹਾਂ ਨੇ ਨੀਰੂ ਬਾਲਾ ਦੀ ਆਉਂਣ ਵਾਲੀ ਖ਼ੁਸ਼ਹਾਲ ਜ਼ਿੰਦਗੀ ਅਤੇ ਚੰਗੀ ਸਿਹਤ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਕਿਹਾ ਕਿ ਉਨ੍ਹਾਂ ਵੱਲੋਂ ਸੇਵਾ ਮੁਕਤੀ ਤੋਂ ਬਾਅਦ ਲੋਕ ਸੇਵਾ ਦੇ ਖੇਤਰ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਉਣ ਲਈ ਜ਼ਾਹਰ ਕੀਤੀ ਇਛਾ ਬਹੁਤ ਹੀ ਸ਼ਲਾਘਾਯੋਗ ਹੈ। ਇਸ ਮੌਕੇ ਤੇ ਕਾਲਜ ਦੀ ਸੁਪਰਡੈਂਟ ਅੰਜੂ ਬਾਲਾ ਵੱਲੋਂ ਵੀ ਸੰਬੋਧਨ ਕੀਤਾ ਅਤੇ ਆਉਣ ਵਾਲੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਤੇ ਉਨ੍ਹਾਂ ਦੇ ਪਤੀ ਰਜਨੀਸ਼ ਕੁਮਾਰ, ਬਹਾਦਰ ਸਿੰਘ ਸੁਨੇਤ, ਸ਼ਤੀਸ਼ ਕੁਮਾਰ, ਪਰਿਵਾਰ ਦੇ ਮੈਂਬਰਾਂ ਓਮ ਪ੍ਰਕਾਸ਼, ਸੁਰਜੀਤ ਅਬਰੋਲ, ਸੁਭਾਸ਼ ਚੰਦਰ ਅਤੇ ਸੁਰਿੰਦਰ ਕੁਮਾਰ ਵੱਲੋਂ ਕਾਲਜ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਦਿੱਤੇ ਮਾਣ ਸਤਿਕਾਰ ਲਈ ਧੰਨਵਾਦ ਕੀਤਾ।

ਹੜਤਾਲ ਨਾ ਰੋਕੀ ਤਾਂ ਐਨਐਚਐਸ ਵਿੱਚ ਹਜ਼ਾਰਾਂ ਨੌਕਰੀਆਂ ਦਾ ਪੈਕੇਜ ਵਾਪਸ ਲਿਆ ਜਾਵੇਗਾ:- ਕੀਅਰ ਸਟਾਰਮਰ

ਲੈਸਟਰ (ਇੰਗਲੈਂਡ), 31 ਮਾਰਚ (ਸੁਖਜਿੰਦਰ ਸਿੰਘ ਢੱਡੇ)- ਬ੍ਰਿਟੇਨ ਦੇ ਪ੍ਰਧਾਨ ਮੰਤਰੀ ਕੀਅਰ ਸਟਾਰਮਰ ਨੇ ਰਿਹਾਇਸ਼ੀ ਡਾਕਟਰਾਂ (ਪਹਿਲਾਂ ਜੂਨੀਅਰ ਡਾਕਟਰਾਂ) ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਅਗਲੇ ਹਫ਼ਤੇ ਯੋਜਿਤ ਹੜਤਾਲ 'ਤੇ ਡਟੇ ਰਹਿੰਦੇ ਹਨ ਤਾਂ ਸਰਕਾਰ ਵੱਲੋਂ ਐਨਐਚਐਸ ਲਈ ਤਿਆਰ ਕੀਤਾ ਗਿਆ ਹਜ਼ਾਰਾਂ ਨਵੀਆਂ ਨੌਕਰੀਆਂ ਅਤੇ ਟ੍ਰੇਨਿੰਗ ਅਸਾਮੀਆਂ ਦਾ ਪੈਕੇਜ ਵਾਪਸ ਲਿਆ ਜਾ ਸਕਦਾ ਹੈ। ਉਨ੍ਹਾਂ ਡਾਕਟਰਾਂ ਨੂੰ 48 ਘੰਟਿਆਂ ਵਿੱਚ ਆਪਣਾ ਫ਼ੈਸਲਾ ਮੁੜ ਵਿਚਾਰਣ ਲਈ ਕਿਹਾ ਹੈ। ਦਰਅਸਲ ਰਿਹਾਇਸ਼ੀ ਡਾਕਟਰ 7 ਅਪ੍ਰੈਲ ਤੋਂ ਛੇ ਦਿਨਾਂ ਦੀ ਹੜਤਾਲ ਕਰਨ ਦੀ ਯੋਜਨਾ ਬਣਾ ਰਹੇ ਹਨ, ਜੋ ਇਸਟਰ ਬੈਂਕ ਹਾਲੀਡੇ ਦੇ ਤੁਰੰਤ ਬਾਅਦ ਸ਼ੁਰੂ ਹੋਵੇਗੀ। ਇਹ ਮਾਰਚ 2023 ਤੋਂ ਚੱਲ ਰਹੇ ਤਨਖ਼ਾਹ ਅਤੇ ਨੌਕਰੀਆਂ ਦੇ ਲੰਮੇ ਵਿਵਾਦ ਦੌਰਾਨ ਡਾਕਟਰਾਂ ਦੀ 15ਵੀਂ ਹੜਤਾਲ ਹੋਵੇਗੀ। ਡਾਕਟਰਾਂ ਦਾ ਕਹਿਣਾ ਹੈ ਕਿ ਮਹਿੰਗਾਈ ਅਤੇ ਜੀਵਨ-ਯਾਪਨ ਦੇ ਵਧ ਰਹੇ ਖਰਚਿਆਂ ਦੇ ਮੱਦੇਨਜ਼ਰ ਉਨ੍ਹਾਂ ਦੀ ਤਨਖ਼ਾਹ 2008 ਤੋਂ ਬਾਅਦ ਅਸਲ ਮਾਇਨੇ ਵਿੱਚ ਘੱਟ ਹੋ ਗਈ ਹੈ ਅਤੇ ਉਹ ਇਸਦੀ ਭਰਪਾਈ ਦੀ ਮੰਗ ਕਰ ਰਹੇ ਹਨ।

ਪ੍ਰਧਾਨ ਮੰਤਰੀ ਸਟਾਰਮਰ ਨੇ ਆਪਣੇ ਇੱਕ ਬਿਆਨ ਵਿਚ ਕਿਹਾ ਕਿ ਸਰਕਾਰ ਵੱਲੋਂ ਪੇਸ਼ ਕੀਤਾ ਗਿਆ ਸਮਝੌਤਾ "ਇਤਿਹਾਸਕ ਪੇਸ਼ਕਸ਼" ਹੈ ਅਤੇ ਇਸਨੂੰ ਰੱਦ ਕਰਨਾ ਗਲਤ ਅਤੇ ਲਾਪਰਵਾਹੀ ਭਰਿਆ ਫ਼ੈਸਲਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਇਸ ਸਾਲ ਡਾਕਟਰਾਂ ਲਈ 3.5 ਫੀਸਦੀ ਤਨਖ਼ਾਹ ਵਾਧੇ ਦੀ ਪੇਸ਼ਕਸ਼ ਕਰ ਰਹੀ ਹੈ, ਜਿਸ ਨਾਲ ਪਿਛਲੇ ਤਿੰਨ ਸਾਲਾਂ ਵਿੱਚ ਕੁੱਲ ਤਨਖ਼ਾਹ ਵਾਧਾ ਲਗਭਗ 35 ਫੀਸਦੀ ਤੱਕ ਪਹੁੰਚ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਸਰਕਾਰ ਦੇ ਪੈਕੇਜ ਵਿੱਚ ਤਨਖ਼ਾਹ ਦੀ ਪ੍ਰਗਤੀ ਪ੍ਰਣਾਲੀ ਵਿੱਚ ਸੁਧਾਰ ਵੀ ਸ਼ਾਮਲ ਹੈ, ਤਾਂ ਜੋ ਡਾਕਟਰਾਂ ਨੂੰ ਜਿਵੇਂ-ਜਿਵੇਂ ਤਜਰਬਾ ਅਤੇ ਜ਼ਿੰਮੇਵਾਰੀਆਂ ਵਧਣ, ਉਸ ਦੇ ਅਨੁਸਾਰ ਵਧੀਆ ਤਨਖ਼ਾਹ ਮਿਲੇ। ਇਸ ਦੇ ਨਾਲ ਹੀ ਰਾਇਲ ਕਾਲਜ ਦੀਆਂ ਪ੍ਰੀਖਿਆਵਾਂ ਦੇ ਖਰਚਿਆਂ ਦੀ ਭੁਗਤਾਨੀ ਵੀ ਸਰਕਾਰ ਵੱਲੋਂ ਕੀਤੀ ਜਾਵੇਗੀ। ਸਰਕਾਰ ਨੇ ਇਹ ਵੀ ਐਲਾਨ ਕੀਤਾ ਹੈ ਕਿ ਅਗਲੇ ਤਿੰਨ ਸਾਲਾਂ ਵਿੱਚ ਲਗਭਗ 4,500 ਵਾਧੂ ਵਿਸ਼ੇਸ਼ਤਾ ਟ੍ਰੇਨਿੰਗ ਅਸਾਮੀਆਂ ਬਣਾਈਆਂ ਜਾਣਗੀਆਂ, ਜਿਸ ਨਾਲ ਡਾਕਟਰਾਂ ਨੂੰ ਵੱਖ-ਵੱਖ ਖੇਤਰਾਂ ਵਿੱਚ ਤਜਰਬਾ ਹਾਸਲ ਕਰਨ ਅਤੇ ਤਰੱਕੀ ਦੇ ਵਧੇਰੇ ਮੌਕੇ ਮਿਲਣਗੇ। ਹਾਲਾਂਕਿ ਸਟਾਰਮਰ ਨੇ ਕਿਹਾ ਕਿ ਜੇ ਹੜਤਾਲ ਜਾਰੀ ਰਹੀ ਤਾਂ ਇਹ ਪੈਕੇਜ ਰੱਦ ਕੀਤਾ ਜਾ ਸਕਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਹਰ ਵਾਰੀ ਹੋਣ ਵਾਲੀ ਹੜਤਾਲ ਐਨਐਚਐਸ 'ਤੇ ਲਗਭਗ 25 ਕਰੋੜ ਪੌਂਡ ਦਾ ਵਾਧੂ ਭਾਰ ਪਾਂਦੀ ਹੈ ਕਿਉਂਕਿ ਹਸਪਤਾਲਾਂ ਨੂੰ ਐਮਰਜੈਂਸੀ ਕਵਰੇਜ ਅਤੇ ਹੋਰ ਪ੍ਰਬੰਧ ਕਰਨੇ ਪੈਂਦੇ ਹਨ। ਉਨ੍ਹਾਂ ਕਿਹਾ ਕਿ ਇਸ ਨਾਲ ਮਰੀਜ਼ਾਂ ਦੀ ਉਡੀਕ ਸੂਚੀ ਘਟਾਉਣ ਲਈ ਕੀਤੀ ਜਾ ਰਹੀ ਸਰਕਾਰ ਦੀ ਕੋਸ਼ਿਸ਼ਾਂ 'ਤੇ ਵੀ ਅਸਰ ਪੈਂਦਾ ਹੈ। ਦੂਜੇ ਪਾਸੇ ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ (ਬੀਐਮਏ) ਦੇ ਰਿਹਾਇਸ਼ੀ ਡਾਕਟਰ ਕਮੇਟੀ ਦੇ ਚੇਅਰ ਡਾ. ਜੈਕ ਫਲੈਚਰ ਨੇ ਕਿਹਾ ਕਿ ਮੌਜੂਦਾ ਪੇਸ਼ਕਸ਼ ਡਾਕਟਰਾਂ ਲਈ ਕਾਫ਼ੀ ਨਹੀਂ ਹੈ। ਉਨ੍ਹਾਂ ਕਿਹਾ ਕਿ ਵਿਸ਼ਵ ਪੱਧਰ 'ਤੇ ਚੱਲ ਰਹੀਆਂ ਘਟਨਾਵਾਂ ਅਤੇ ਵਧ ਰਹੀ ਮਹਿੰਗਾਈ ਦੇ ਸੰਕੇਤਾਂ ਦੇ ਮੱਦੇਨਜ਼ਰ ਆਉਣ ਵਾਲੇ ਸਾਲਾਂ ਵਿੱਚ ਜੀਵਨ-ਯਾਪਨ ਦਾ ਖਰਚ ਹੋਰ ਵਧ ਸਕਦਾ ਹੈ। ਉਨ੍ਹਾਂ ਕਿਹਾ ਕਿ ਕਈ ਡਾਕਟਰ ਬਿਹਤਰ ਤਨਖ਼ਾਹ ਅਤੇ ਕੰਮਕਾਜੀ ਹਾਲਾਤਾਂ ਦੀ ਖ਼ਾਤਰ ਵਿਦੇਸ਼ ਜਾਣ ਬਾਰੇ ਵੀ ਸੋਚ ਰਹੇ ਹਨ, ਜਿਸ ਕਾਰਨ ਐਨਐਚਐਸ ਵਿੱਚ ਡਾਕਟਰਾਂ ਦੀ ਘਾਟ ਦਾ ਖਤਰਾ ਹੋ ਸਕਦਾ ਹੈ। ਬੀਐਮਏ ਨੇ ਇਹ ਵੀ ਕਿਹਾ ਕਿ ਉਹ ਸਰਕਾਰ ਨਾਲ ਗੱਲਬਾਤ ਲਈ ਤਿਆਰ ਹਨ ਅਤੇ ਜੇਕਰ ਵਾਜਬ ਅਤੇ ਭਰੋਸੇਯੋਗ ਪੇਸ਼ਕਸ਼ ਮਿਲਦੀ ਹੈ ਤਾਂ ਹੜਤਾਲ ਨੂੰ ਟਾਲਿਆ ਵੀ ਜਾ ਸਕਦਾ ਹੈ। ਉਧਰ ਵਿਰੋਧੀ ਕਨਜ਼ਰਵੇਟਿਵ ਪਾਰਟੀ ਨੇ ਵੀ ਕਿਹਾ ਹੈ ਕਿ ਜਦੋਂ ਡਾਕਟਰਾਂ ਨੂੰ ਪਿਛਲੇ ਕੁਝ ਸਾਲਾਂ ਵਿੱਚ ਵੱਡੇ ਤਨਖ਼ਾਹ ਵਾਧੇ ਮਿਲ ਚੁੱਕੇ ਹਨ, ਫਿਰ ਵੀ ਹੜਤਾਲ ਦੀ ਧਮਕੀ ਦਿੱਤੀ ਜਾ ਰਹੀ ਹੈ, ਜਿਸ ਨਾਲ ਸਪਸ਼ਟ ਹੁੰਦਾ ਹੈ ਕਿ ਸਰਕਾਰ ਨੂੰ ਹੋਰ ਕੜੇ ਕਦਮ ਚੁੱਕਣ ਦੀ ਲੋੜ ਹੈ। ਕੁਝ ਆਗੂਆਂ ਨੇ ਤਾਂ ਡਾਕਟਰਾਂ ਦੀ ਹੜਤਾਲ 'ਤੇ ਪਾਬੰਦੀ ਲਗਾਉਣ ਦੀ ਵੀ ਮੰਗ ਕੀਤੀ ਹੈ। ਇਸ ਪੂਰੇ ਮਾਮਲੇ ਦੇ ਮੱਦੇਨਜ਼ਰ ਸਰਕਾਰ ਅਤੇ ਬੀਐਮਏ ਵਿਚਾਲੇ ਗੱਲਬਾਤ ਜਾਰੀ ਹੈ ਅਤੇ ਸਿਹਤ ਖੇਤਰ ਨਾਲ ਜੁੜੇ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵਿਵਾਦ ਦਾ ਹੱਲ ਗੱਲਬਾਤ ਰਾਹੀਂ ਹੀ ਸੰਭਵ ਹੈ, ਤਾਂ ਜੋ ਮਰੀਜ਼ਾਂ ਦੀ ਸੇਵਾ 'ਤੇ ਕੋਈ ਨਕਾਰਾਤਮਕ ਪ੍ਰਭਾਵ ਨਾ ਪਵੇ।

ਕਮਿਊਨਟੀ ਹੈਲਥ ਅਫਸਰਾਂ ਨੂੰ ਐੱਨ.ਸੀ.ਡੀ. ਪੋਰਟਲ ਦੀ ਟ੍ਰੇਨਿੰਗ ਦਿੱਤੀ

ਨਵਾਂਸ਼ਹਿਰ, 31 ਮਾਰਚ (ਮਨੋਰੰਜਨ ਕਾਲੀਆ) - ਮਾਣਯੋਗ ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਜੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਹਰੀਸ਼ ਕਿਰਪਾਲ ਦੀ ਯੋਗ ਰਹਿਨੁਮਾਈ ਹੇਠ, ਸਿਵਲ ਸਰਜਨ ਦਫਤਰ, ਸ਼ਹੀਦ ਭਗਤ ਸਿੰਘ ਨਗਰ ਵਿਖੇ ਸੋਮਵਾਰ ਨੂੰ ਕਮਿਊਨਟੀ ਹੈਲਥ ਅਫਸਰਾਂ ਲਈ ਐੱਨ.ਸੀ.ਡੀ. ਪੋਰਟਲ ਦੀ ਟ੍ਰੇਨਿੰਗ ਦਾ ਆਯੋਜਨ ਕੀਤਾ ਗਿਆ। ਇਹ ਟ੍ਰੇਨਿੰਗ ਸਿਹਤ ਵਿਭਾਗ ਵੱਲੋਂ ਚਲ ਰਹੇ ਸਿਹਤ ਪ੍ਰੋਗਰਾਮਾਂ ਅਤੇ ਸਰਕਾਰੀ ਸਕੀਮਾਂ ਨੂੰ ਪ੍ਰਭਾਵਸ ਼ਾਲੀ ਢੰਗ ਨਾਲ ਚਲਾਉਣ ਨੂੰ ਯਕੀਨੀ ਬਣਾਉਣ ਲਈ ਇੱਕ ਮਹੱਤਵਪੂਰਨ

ਕਦਮ ਸੀ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ. ਹਰੀਸ਼ ਕਿਰਪਾਲ ਨੇ ਕਿਹਾ ਕਿ ਪੋਰਟਲ ਦਾ ਪ੍ਰਭਾਵਸ਼ਾਲੀ ਵਰਤੋਂ ਕੇਵਲ ਡਾਟਾ ਸੰਭਾਲਣ ਤੱਕ ਸੀਮਿਤ ਨਹੀਂ ਰਹੇਗੀ, ਸਗੋਂ ਇਸ ਰਾਹੀਂ ਜ਼ਿਲ੍ਹੇ ਵਿੱਚ ਰੋਗ-ਨਿਰਧਾਰਣ, ਰੋਗ-ਪ੍ਰਬੰਧਨ ਅਤੇ ਲਗਾਤਾਰ ਮਾਨੀਟਰਿੰਗ ਵਿੱਚ ਸੁਧਾਰ ਵੀ ਕੀਤਾ ਜਾਵੇਗਾ। ਇਸ ਮੌਕੇ ਐੱਨ ਸੀ ਡੀ ਕੋਆਰਡੀਨੇਟਰ (ਹੁਸ਼ਿਆਰਪੁਰ) ਰਜਿੰਦਰ ਕੁਮਾਰ ਨੇ ਸੀ.ਐੱਚ.ਓਜ ਨੂੰ ਐੱਨ.ਸੀ.ਡੀ. ਪੋਰਟਲ ਦੇ ਮੁੱਖ ਫੀਚਰਾਂ, ਡਾਟਾ

ਐਂਟਰੀ, ਆਨਲਾਈਨ ਰਿਪੋਰਟਿੰਗ ਅਤੇ ਮਾਨੀਟਰਿੰਗ ਵਿਧੀਆਂ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਰਾਮ ਸਿੰਘ ਤੇ ਜ਼ਿਲ੍ਹਾ ਨਿਗਰਾਨੀ ਤੇ ਮੁਲਾਂਕਣ ਅਫ਼ਸਰ ਗੁਰਪ੍ਰੀਤ ਸਿੰਘ ਸਮੇਤ ਹੋਰ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

ਅੰਬੇਡਕਰ ਜੈਅੰਤੀ ਸਬੰਧੀ ਤਿਆਰੀ ਮੀਟਿੰਗ ਪਹਿਲੀ ਅਪ੍ਰੈਲ ਬੁੱਧਵਾਰ ਨੂੰ : ਢੋਸੀਵਾਲ

ਫ਼ਰੀਦਕੋਟ (ਸ਼ਿਵਨਾਥ) ਸਮਾਜ ਸੇਵਾ ਦੇ ਕਾਰਜਾਂ ਵਿਚ ਮੋਹਰੀ ਪ੍ਰਮੁੱਖ ਸੰਸਥਾ ਐਲ.ਬੀ.ਸੀ.ਟੀ. (ਲਾਰਡ ਬੁੱਧਾ ਚੈਰੀਟੇਬਲ ਟਰੱਸਟ) ਵੱਲੋਂ ਦੇਸ਼ ਦੇ ਸੰਵਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਜੈਅੰਤੀ ਸ਼ਰਧਾ ਅਤੇ ਧੂਮ ਧਾਮ ਨਾਲ ਮਨਾਈ ਜਾਵੇਗੀ। ਇਸ ਸਬੰਧੀ ਤਿਆਰੀ ਮੀਟਿੰਗ ਅੱਜ 01ਅਪਰੈਲ ਬੁੱਧਵਾਰ ਨੂੰ ਸ਼ਾਮ ਦੇ 5:00 ਵਜੇ ਸਥਾਨਕ ਜੈਸਮੀਨ ਹੋਟਲ ਵਿਖੇ ਆਯੋਜਿਤ ਕੀਤੀ ਜਾਵੇਗੀ। ਮੀਟਿੰਗ ਦੀ ਪ੍ਰਧਾਨਗੀ ਟਰੱਸਟ ਦੇ ਜਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਕਰਨਗੇ। ਮੀਟਿੰਗ ਵਿੱਚ ਫਰੀਦਕੋਟ ਇਕਾਈ ਦੇ ਸਾਰੇ ਅਹੁਦੇਦਾਰ ਅਤੇ ਮੈਂਬਰ ਭਾਗ ਲੈਣਗੇ। ਇਹ ਜਾਣਕਾਰੀ ਅੱਜ ਇਥੇ ਟਰੱਸਟ ਦੇ ਸੰਸਥਾਪਕ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਨੇ ਆਪਣੇ ਸਾਦਿਕ ਰੋਡ ਸਥਿਤ ਗ੍ਰਹਿ ਤੋਂ ਪ੍ਰੈਸ ਨਾਲ ਸਾਂਝੀ ਕੀਤੀ ਹੈ। ਢੋਸੀਵਾਲ ਨੇ ਅੱਗੇ ਦੱਸਿਆ ਹੈ ਕਿ ਅੰਬੇਡਕਰ

ਜਯੰਤੀ ਮੌਕੇ ਕੀਤੀ ਜਾਣ ਵਾਲੀ ਮੀਟਿੰਗ ਦੌਰਾਨ ਦਸ ਸੁਪਰ ਸੀਨੀਅਰ ਮੈਟ੍ਰਿਕੁਲੇਟਸ ਨੂੰ ਐਲ.ਬੀ.ਸੀ.ਟੀ. ਵੱਲੋਂ ਸ਼ਾਨਦਾਰ ਯਾਦਗਾਰੀ ਸਨਮਾਨ ਚਿੰਨ੍ਹ ਭੇਂਟ ਕੀਤੇ ਜਾਣਗੇ। ਉਨ੍ਹਾਂ ਇਹ ਵੀ ਜਾਣਕਾਰੀ ਦਿਤੀ ਹੈ ਕਿ ਟਰੱਸਟ ਦੀ ਸ਼ਾਨਦਾਰ ਕਾਰਗੁਜਾਰੀ ਤੋਂ ਪ੍ਰਭਾਵਤ ਹੋ ਕਿ ਕੁਝ ਨਵੇਂ ਮੈਂਬਰ ਵੀ ਸੰਸਥਾ ਵਿਚ ਸ਼ਾਮਲ ਹੋਣਗੇ। ਪ੍ਰਧਾਨ ਢੋਸੀਵਾਲ ਨੇ ਫਰੀਦਕੋਟ ਇਕਾਈ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਇਸ ਤਿਆਰੀ ਮੀਟਿੰਗ ਵਿਚ ਅੱਜ ਸ਼ਾਮ ਦੇ ਪੰਜ ਵਜੇ ਤੱਕ ਸਥਾਨਕ ਜੈਸਮੀਨ ਹੋਟਲ ਵਿਖੇ ਸਮੇਂ-ਸਿਰ ਪਹੁੰਚਣ ਦੀ ਅਪੀਲ ਕੀਤੀ ਹੈ।

ਵਿਸ਼ਵ ਰੰਗ ਮੰਚ ਦਿਵਸ ਮੌਕੇ ਨਾਟਕ 'ਉਸ ਨੂੰ ਕਹੀਂ' ਦਾ ਮੰਚਣ ਕੀਤਾ ਗਿਆ

ਬਰਨਾਲਾ (ਚੰਡਿਹੋਕ) ਪਰਵਾਜ਼ ਥੀਏਟਰ ਬਰਨਾਲਾ ਵੱਲੋਂ ਕੱਲ੍ਹ ਵਿਸ਼ਵ ਰੰਗ ਮੰਚ ਦਿਵਸ ਨੂੰ ਸਮਰਪਿਤ ਇੰਟਰਨੈਸ਼ਨਲ ਟੰਡਨ ਸਕੂਲ ਬਰਨਾਲਾ ਦੇ ਓਪਨ ਏਅਰ ਥੀਏਟਰ ਵਿੱਚ ਦਿਲਪ੍ਰੀਤ ਚੌਹਾਨ ਦੀ ਨਿਰਦੇਸ਼ਨਾ ਹੇਠ ਪਾਲੀ ਭੁਪਿੰਦਰ ਸਿੰਘ ਦੇ ਲਿਖੇ ਨਾਟਕ 'ਉਸ ਨੂੰ ਕਹੀਂ' ਦਾ ਸਫ਼ਲ ਮੰਚਣ ਕੀਤਾ ਗਿਆ। ਇਹ ਨਾਟਕ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ ਦੇ ਭਾਰਤ ਖ਼ਾਸ ਕਰਕੇ ਪੰਜਾਬ ਦੇ ਸੰਦਰਭ ਵਿੱਚ ਮਨੁੱਖੀ ਮਾਨਸਿਕਤਾ ਦੀਆਂ ਵੱਖ ਵੱਖ ਪਰਤਾਂ ਨੂੰ ਪੇਸ਼ ਕਰਦਾ ਹੈ। ਨਾਟਕ ਵਿੱਚ ਮੁੱਖ ਪਾਤਰ ਦਿਲਪ੍ਰੀਤ ਚੌਹਾਨ ਤੋਂ ਬਿਨਾਂ ਗੁਰਮੀਤ ਬਾਵਾ, ਮਨਦੀਪ ਦੇਵੀ, ਸੈਂਡੀ ਸੰਦੀਪ, ਰਣਜੀਤ ਚੌਹਾਨ, ਤਰਨਪ੍ਰੀਤ ਸਿੰਘ, ਮਨੀ ਲੋਹਟ, ਕਰਮਜੀਤ ਭੋਤਨਾ, ਹਰਕਰਨਪ੍ਰੀਤ ਸਿੰਘ ਅਤੇ ਇੰਦਰਪ੍ਰੀਤ ਸਿੰਘ ਨੇ ਆਪੋ ਆਪਣੇ ਕਿਰਦਾਰ ਬਾਖ਼ੂਬੀ ਨਿਭਾਏ। ਮੰਚ ਸੱਜਾ ਲੱਕੀ ਚੌਹਾਨ, ਪਿੱਠ ਵਰਤੀ ਸੰਗੀਤ ਸ਼ਰਨਜੀਤ ਸ਼ਾਨੂੰ, ਗੀਤ ਰਾਮ ਸਰੂਪ ਸ਼ਰਮਾ ਅਤੇ ਰੌਸ਼ਨੀ ਰਮਨਜੀਤ ਕੌਰ ਵੱਲੋਂ ਕੀਤੀ ਗਈ। ਇਸ ਤੋਂ ਪਹਿਲਾਂ

ਸੋਸ਼ਲ ਮੀਡੀਆ ਦੇ ਜਾਲ਼ ਵਿੱਚ ਫਸੀ ਅਜੋਕੀ ਨੌਜਵਾਨ ਪੀੜ੍ਹੀ ਦੀ ਬਾਤ ਪਾਉਂਦਾ ਇਕ ਪਾਤਰੀ ਨਾਟਕ 'ਮੋਬਾਈਲੇਰੀਆ' ਲੇਖਕ, ਨਿਰਦੇਸ਼ਕ ਤੇ ਅਦਾਕਾਰ ਟੀ ਐਨ ਸ਼ਰਮਾ ਵੱਲੋਂ ਪੇਸ਼ ਕੀਤਾ ਗਿਆ।

ਸਮਾਗਮ ਦੇ ਆਰੰਭ ਵਿੱਚ ਜਿੱਥੇ ਸਕੂਲ ਦੇ ਡਾਇਰੈਕਟਰ ਸ਼ਿਵ ਸਿੰਗਲਾ ਨੇ ਦਰਸ਼ਕਾਂ ਨੂੰ ਜੀ ਆਇਆਂ ਕਿਹਾ ਉੱਥੇ ਭੋਲਾ ਸਿੰਘ ਸੰਘੇੜਾ ਨੇ ਵਿਸ਼ਵ ਰੰਗ ਮੰਚ ਦਿਵਸ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੰਦਿਆਂ ਅਜੋਕੇ ਸਮੇਂ ਵਿੱਚ ਇਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ। ਨਾਟਕਾਂ ਦੀ ਪੇਸ਼ਕਾਰੀ ਦੌਰਾਨ ਕਰਨ ਜ਼ਾਫਰ ,ਪਰੀਨਿਤਾ ਹੁਸਨ ਧਾਲੀਵਾਲ ਅਤੇ ਅਰਮਾਨ ਭੋਤਨਾ ਗੀਤ ਗਾਇਨ ਵੀ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਵਿਜੇ ਕੁਮਾਰ ਨੇ ਨਿਭਾਈ। ਇਸ ਮੌਕੇ ਗੌਰਵ ਸ਼ਰਮਾ, ਡਾ. ਲਖਵੀਰ ਸਿੰਘ, ਯਾਦਵਿੰਦਰ ਸਿੰਘ ਬਿੱਟੂ ਦੀਵਾਨਾ, ਨਰਾਇਣ ਦੱਤ, ਡਾ. ਹਰਿਭਗਵਾਨ, ਸੁਰਜੀਤ ਸੰਧੂ, ਪਰਮਜੀਤ ਸ਼ੀਤਲ, ਡਾ. ਭੁਪਿੰਦਰ ਸਿੰਘ ਬੇਦੀ, ਰਾਮ ਸਰੂਪ ਸ਼ਰਮਾ, ਸੁਖਜਿੰਦਰ ਗਿੱਲ, ਜਿਮੀ ਮਿੱਤਲ, ਜਸਵਿੰਦਰ ਖੁੱਡੀ, ਸ਼ੰਮੀ ਸਿੰਗਲਾ, ਇਕਬਾਲ ਸਿੰਘ ਭੋਤਨਾ, ਕੇਸਰ ਕਸਤੂਰੀ, ਵਿੰਦਰ ਠੀਕਰੀਵਾਲ, ਕੁਲਵਿੰਦਰ ਕੌਸ਼ਲ, ਰੇਸ਼ਮ ਚੌਹਾਨ, ਰੁਪਿੰਦਰਜੀਤ ਕੌਰ ਅਤੇ ਅਮਨ ਜੱਖਲਾਂ ਆਦਿ ਵੀ ਹਾਜ਼ਰ ਸਨ।

ਹਰਪ੍ਰੀਤ ਸਿੰਘ ਸਵੈਚ ਦੀ ਤੀਜੀ ਪੁਸਤਕ "ਇਹ ਜੁ ਦੁਨੀਆ ਸਿਹਰੁ ਮੇਲਾ" ਲੋਕ ਅਰਪਣ

(ਲੇਖਕ ਦੇ ਮਾਤਾ-ਪਿਤਾ ਵੱਲੋਂ ਅਦਾ ਕੀਤੀ ਗਈ ਲੋਕ ਅਰਪਣ ਦੀ ਰਸਮ)

ਮੋਹਾਲੀ ਵੱਸਦੇ ਨੌਜੁਆਨ ਲੇਖਕ ਹਰਪ੍ਰੀਤ ਸਿੰਘ ਸਵੈਚ ਦੀ ਤੀਜੀ ਪੁਸਤਕ "ਇਹ ਜੁ ਦੁਨੀਆ ਸਿਹਰੁ ਮੇਲਾ" ਅੱਜ ਮੋਹਾਲੀ ਵਿੱਚ ਉਨ੍ਹਾਂ ਦੇ ਗ੍ਰਹਿ ਵਿਖੇ ਇਕ ਸਾਦੇ ਸਮਾਗਮ ਦੌਰਾਨ ਲੋਕ ਅਰਪਣ ਕੀਤੀ ਗਈ। ਪੰਚਨਦ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਇਸ ਕਿਤਾਬ ਨੂੰ ਲੋਕ ਅਰਪਣ ਕਰਨ ਦੀ ਰਸਮ ਲੇਖਕ ਦੇ ਪਿਤਾ ਸਰਦਾਰ ਗੁਰਨਾਮ ਸਿੰਘ ਚਾਓਮਾਜਰਾ ਅਤੇ ਮਾਤਾ ਕ੍ਰਿਪਾਲ ਕੌਰ ਵੱਲੋਂ ਅਦਾ ਕੀਤੀ ਗਈ। ਇੱਥੇ ਜ਼ਿਕਰਯੋਗ ਹੈ ਕਿ ਸਵੈਚ ਇਸ ਤੋਂ ਪਹਿਲਾਂ ਕਾਵਿ ਸੰਗ੍ਰਹਿ "ਇਬਾਦਤਗਾਹ" ਅਤੇ ਵਾਰਤਕ ਪੁਸਤਕ "ਰਤੇ ਇਸਕ ਖੁਦਾਇ" ਪੰਜਾਬੀ ਸਾਹਿਤ ਜਗਤ ਦੀ ਝੋਲੀ ਪਾ ਚੁੱਕਿਆ ਹੈ।

ਇਸ ਮੌਕੇ ਲੇਖਕ ਦੇ ਪਿਤਾ ਸਰਦਾਰ ਗੁਰਨਾਮ ਸਿੰਘ ਚਾਓਮਾਜਰਾ ਨੇ ਆਖਿਆ ਕਿ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਟੱਬਰ ਵਿਚ ਕੋਈ ਸਾਹਿਤਕ ਵਿਰਾਸਤ ਨਾ ਹੋਣ ਦੇ ਬਾਵਜੂਦ ਵੀ ਸਵੈਚ ਪੰਜਾਬੀ ਸਾਹਿਤ ਅਤੇ ਸ਼ਬਦ ਸਭਿਆਚਾਰ ਨਾਲ ਜੁੜਿਆ ਹੋਇਆ ਹੈ। ਮਾਤਾ ਕ੍ਰਿਪਾਲ ਕੌਰ ਨੇ ਇਸ ਗੱਲ ਦੀ ਖੁਸ਼ੀ ਜ਼ਾਹਿਰ ਕੀਤੀ ਕਿ ਜਿਹੜੇ ਚੰਗੇ ਸਬਕ ਲੇਖਕ ਨੇ ਖੁਦ ਜ਼ਿੰਦਗੀ ਵਿਚ ਸਿੱਖੇ ਹਨ, ਉਹ ਉਨ੍ਹਾਂ ਨੂੰ ਆਪਣੇ ਤੱਕ ਮਹਿਦੂਦ ਨਾ ਰੱਖ ਕੇ ਅਜੋਕੀ ਨੌਜੁਆਨ ਪੀੜੀ ਨੂੰ ਸੇਧ ਦੇਣ ਦੇ ਮੰਤਵ ਨਾਲ ਪ੍ਰਕਾਸ਼ਿਤ ਕਰ ਰਿਹਾ ਹੈ। ਇਸ ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਹਰਪ੍ਰੀਤ ਸਿੰਘ ਸਵੈਚ ਨੇ ਦੱਸਿਆ ਕਿ ਸਾਡੀ ਰੋਜ਼ਾਨਾ ਜ਼ਿੰਦਗੀ ਨਾਲ ਵਾਬਸਤਾ ਵਿਸ਼ੇ ਜਿਵੇਂ ਗੁੱਸਾ, ਸਬਰ, ਮੁਹੱਬਤ, ਦੋਸਤੀ, ਭਰੋਸਾ, ਈਰਖਾ ਆਦਿ ਨਾਲ ਸਬੰਧਤ ਕੁੱਲ 21 ਨਿਬੰਧ ਇਸ ਕਿਤਾਬ ਵਿਚ ਸ਼ਾਮਲ ਕੀਤੇ ਗਏ ਹਨ। ਸਵੈਚ ਮੁਤਾਬਿਕ ਇਹ ਕਿਤਾਬ ਕਿਸੇ ਕਿਸਮ ਦਾ ਕੋਈ ਉਪਦੇਸ਼ ਨਹੀਂ ਹੈ ਅਤੇ ਨਾ ਹੀ ਕਿਸੇ ਅੰਤਿਮ ਸੱਚ ਦਾ ਦਾਅਵਾ ਕਰਦੀ ਹੈ ਸਗੋਂ ਇਸ ਕਿਤਾਬ ਵਿਚਲਾ ਹਰ ਨਿਬੰਧ ਇਕ ਅਜਿਹਾ ਦਰਪਣ ਹੈ, ਜਿਸ ਵਿਚੋਂ ਪਾਠਕ



ਖੁਦ ਨਾਲ ਰੂਬਰੂ ਹੋ ਸਕੇਗਾ। ਸਵੈਚ ਨੇ ਦੱਸਿਆ ਕਿ ਇਸ ਕਿਤਾਬ ਵਿਚ ਜ਼ਿੰਦਗੀ ਦੇ ਜਿਹੜੇ ਅਣਮੁੱਲੇ ਸਬਕਾਂ ਦੀ ਬਾਤ ਪਾਈ ਗਈ ਹੈ, ਉਹ ਮੁਢਲੇ ਤੌਰ ਤੇ ਉਸ ਨੂੰ ਆਪਣੇ ਮਾਤਾ ਪਿਤਾ ਕੋਲੋਂ ਹੀ ਮਿਲੇ ਹਨ, ਜਿਸ ਕਾਰਨ ਉਸ ਵੱਲੋਂ ਇਹ ਕਿਤਾਬ ਆਪਣੇ ਮਾਤਾ ਪਿਤਾ ਨੂੰ ਸਮਰਪਿਤ ਕੀਤੀ ਗਈ ਹੈ। ਸਵੈਚ ਨੇ ਇਸ ਕਿਤਾਬ ਲਈ ਵੱਡਮੁੱਲਾ ਸਹਿਯੋਗ ਦੇਣ ਵਾਸਤੇ ਆਪਣੇ ਸਾਹਿਤਕ ਰਾਹ ਦਸੇਰੇ ਪ੍ਰੋਫੈਸਰ ਜਸਵੀਰ ਸਿੰਘ ਸ਼ਾਇਰ, ਪੰਚਨਦ ਪ੍ਰਕਾਸ਼ਨ ਦੇ ਸਰਪ੍ਰਸਤ ਜੁਗਲ ਕਿਸ਼ੋਰ ਪੰਗੋਤਰਾ ਅਤੇ ਸਮਾਜ ਸੇਵੀ ਹਰਮਿੰਦਰ ਸਿੰਘ ਦਾ ਉਚੇਚਾ ਧੰਨਵਾਦ ਕੀਤਾ। ਇਸ ਮੌਕੇ ਲੇਖਕ ਦੀ ਪਤਨੀ ਗੁਰਸਿਮਰਤ ਕੌਰ ਅਤੇ ਭੈਣ ਸੁਖਦੀਪ ਕੌਰ ਵੀ ਹਾਜ਼ਰ ਸਨ।

ਕੈਨੇਡੀਅਨਾਂ ਵੱਲੋਂ ਸ਼ਰਾਬ ਦੀ ਖਪਤ ਵਿੱਚ ਕਮੀ ਦਰਜ ਕੀਤੀ ਗਈ

ਵੈਨਕੂਵਰ, 31 ਮਾਰਚ (ਮਲਕੀਤ ਸਿੰਘ) – ਕੈਨੇਡਾ ਵਿੱਚ ਲੋਕਾਂ ਵੱਲੋਂ ਹਰ ਸਾਲ ਸ਼ਰਾਬ ਦੀ ਖਪਤ ਘਟ ਰਹੀ ਹੈ, ਜਿਸ ਦੇ ਮੱਦੇਨਜ਼ਰ ਉੱਤਰੀ ਓਨਟਾਰਿਓ ਦੀਆਂ ਕਈ ਡਿਸਟਿਲਰੀਆਂ ਆਪਣੇ ਕਾਰੋਬਾਰ ਵਿੱਚ ਨਵੀਆਂ ਤਬਦੀਲੀਆਂ ਕਰਦੀਆਂ ਨਜ਼ਰ ਆ ਰਹੀਆਂ ਹਨ। ਪ੍ਰਾਪਤ ਜਾਣਕਾਰੀ ਮੁਤਾਬਕ ਸੁਡਬਰੀ ਵਿੱਚ ਸਥਿਤ ਇੱਕ ਡਿਸਟਿਲਰੀ ਦੇ ਮਾਲਕ ਦਾ ਕਹਿਣਾ ਹੈ ਕਿ ਉਹਨਾਂ ਦੇ ਛੋਟੇ ਕਾਕਟੇਲ ਬਾਰ ਵਿੱਚ ਬਿਨਾ-ਸ਼ਰਾਬ ਵਾਲੇ ਪੀਣ ਵਾਲੇ ਪਦਾਰਥਾਂ ਦੀ ਮੰਗ ਲਗਾਤਾਰ ਵੱਧ ਰਹੀ ਹੈ। ਲੋਕ ਹੁਣ ਸਿਹਤ ਪ੍ਰਤੀ ਜਾਗਰੂਕ ਹੋਣ ਕਰਕੇ ਘੱਟ ਸ਼ਰਾਬ ਪੀਣ ਨੂੰ ਤਰਜੀਹ ਦੇ ਰਹੇ ਹਨ। ਇਸ ਬਦਲਦੇ ਰੁਝਾਨ ਦੇ ਚਲਦੇ ਕਾਰੋਬਾਰੀ ਆਪਣੀ ਵਿਕਰੀ ਵਧਾਉਣ ਲਈ ਨਵੇਂ ਤਰੀਕੇ ਅਪਣਾ ਰਹੇ ਹਨ ਅਤੇ ਘਰੇਲੂ ਤੌਰ 'ਤੇ ਤਿਆਰ ਕੀਤੇ ਗਏ ਪਦਾਰਥਾਂ ਦੀ ਵਿਕਰੀ ਵਿੱਚ ਵੀ ਵਾਧਾ ਹੋ ਰਿਹਾ ਹੈ। ਮਾਹਿਰਾਂ ਦੇ ਅਨੁਸਾਰ ਇਹ ਰੁਝਾਨ ਆਉਣ ਵਾਲੇ ਸਮੇਂ ਵਿੱਚ ਹੋਰ ਮਜ਼ਬੂਤ ਹੋ ਸਕਦਾ ਹੈ, ਜਿਸ ਨਾਲ ਸ਼ਰਾਬ ਉਦਯੋਗ ਦੀ ਦਿਸ਼ਾ ਵਿੱਚ ਵੱਡੇ ਬਦਲਾਅ ਆ ਸਕਦੇ ਹਨ।

ਸੁਡਬਰੀ ਦੀ ਡਿਸਟਿਲਰੀ ਵਿੱਚ ਖੜ੍ਹਾ ਮਾਲਕ।

ਮਾਲਵਾ ਲਿਖਾਰੀ ਸਭਾ ਦੀ ਮਹੀਨਾਵਾਰ ਮੀਟਿੰਗ ਵਿੱਚ 'ਇੱਕ ਹੋਰ ਰੇਪ ਕੇਸ' ਉੱਪਰ ਗੋਸ਼ਟੀ ਸਮਾਗਮ 5 ਅਪ੍ਰੈਲ ਨੂੰ ਹੋਵੇਗੀ

ਸੰਗਰੂਰ(ਰਮੇਸ਼ਵਰ ਸਿੰਘ) ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ 5 ਅਪ੍ਰੈਲ ਦਿਨ ਐਤਵਾਰ ਨੂੰ ਸਵੇਰ 10:00 ਵਜੇ ਲੇਖਕ ਭਵਨ ਸੰਗਰੂਰ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਹੋ ਰਿਹਾ ਹੈ। ਇਸ ਸਮਾਗਮ ਵਿੱਚ ਨਾਮਵਰ ਲੇਖਿਕਾ ਹਰਦੀਪ ਬਾਵਾ ਦੇ ਚਰਚਿਤ ਨਾਵਲ 'ਇੱਕ ਹੋਰ ਰੇਪ ਕੇਸ' ਉੱਪਰ ਗੋਸ਼ਟੀ ਕਰਵਾਈ ਜਾਵੇਗੀ, ਜਿਸ ਦੀ ਪ੍ਰਧਾਨਗੀ ਸਿਰਮੌਰ ਪੰਜਾਬੀ ਸਾਹਿਤਕਾਰ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਕਰਨਗੇ। ਪੁਸਤਕ ਸਬੰਧੀ ਪਰਚੇ ਡਾ. ਕਰਮਵੀਰ ਕੌਰ ਅਤੇ ਡਾ. ਦੇਵਿੰਦਰ ਕੌਰ ਐਡਵੋਕੇਟ ਪੜ੍ਹਨਗੇ। ਨਾਵਲ ਸਬੰਧੀ ਵਿਚਾਰ-ਚਰਚਾ ਵਿੱਚ ਡਾ. ਸੰਪੂਰਨ ਸਿੰਘ ਟੱਲੇਵਾਲੀਆ, ਡਾ. ਮੀਤ ਖਟੜਾ, ਤੇਜਾ ਸਿੰਘ ਤਿਲਕ ਅਤੇ ਜਸਵਿੰਦਰ ਪੰਜਾਬੀ ਹਿੱਸਾ ਲੈਣਗੇ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਨਾਵਲ ਤੋਂ ਪਹਿਲਾਂ ਹਰਦੀਪ ਬਾਵਾ ਦੀ ਕਲਮ ਤੋਂ ਇੱਕ ਕਾਵਿ-ਸੰਗ੍ਰਹਿ 'ਮਨ ਦੇ ਸਫ਼ੇ ਤੋਂ', ਇੱਕ ਨਾਵਲ 'ਵੇਸਵਾ ਨਹੀਂ ਹਾਂ ਮੈਂ' ਅਤੇ ਇੱਕ ਸੰਪਾਦਿਤ ਸੰਗ੍ਰਹਿ 'ਨਾ ਨਰ ਨਾ ਨਾਰੀ' ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਮੌਕੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੀ ਪ੍ਰਫੁੱਲਤਾ ਵਿੱਚ ਪਾਏ ਵਡਮੁੱਲੇ ਯੋਗਦਾਨ ਲਈ ਉਨ੍ਹਾਂ ਨੂੰ ਸਭਾ ਵੱਲੋਂ ਸਨਮਾਨਿਤ ਵੀ ਕੀਤਾ ਜਾਵੇਗਾ। ਵਿਸਾਖੀ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਵੀ ਹੋਵੇਗਾ। ਮਾਲਵਾ ਲਿਖਾਰੀ ਸਭਾ ਦੇ ਪ੍ਰਧਾਨ ਕਰਮ ਸਿੰਘ ਜਖਮੀ ਨੇ ਸਾਰੇ ਮੈਂਬਰਾਂ ਨੂੰ ਸਮੇਂ ਤੇ ਪਹੁੰਚਣ ਦੀ ਬੇਨਤੀ ਕੀਤੀ ਹੈ ਤਾਂ ਜੋ ਸਹੀ ਸਮੇਂ ਤੇ ਬੋਲਣ ਜਾਂ ਆਪਣੀ ਰਚਨਾ ਪੇਸ਼ ਕਰਨ ਲਈ ਕੋਈ ਵੀ ਮੈਂਬਰ ਸਹੀ ਸਮਾਂ ਲੈ ਸਕੇ।

ਮਨਰੇਗਾ ਦੇ ਖਾਤਮੇ 'ਤੇ ਕਿਸਾਨ ਜਥੇਬੰਦੀਆਂ ਦੀ ਖ਼ਾਮੋਸ਼ੀ ਇਕ ਘਾਤਕ ਸੰਕੇਤ ?

ਸਾਲ 2020-2021 ਦਾ ਕਿਸਾਨ ਅੰਦੋਲਨ ਭਾਰਤ ਦੀ ਇਤਿਹਾਸਕ ਯਾਦਾਂ ਵਿੱਚ ਸਿਰਫ਼ ਤਿੰਨ ਕਾਨੂੰਨਾਂ ਦੇ ਵਿਰੋਧ ਵਜੋਂ ਨਹੀਂ, ਸਗੋਂ "ਕਿਸਾਨ-ਮਜ਼ਦੂਰ ਏਕਤਾ" ਦੇ ਨਾਅਰੇ ਵਜੋਂ ਦਰਜ ਹੋਇਆ ਸੀ । ਦਿੱਲੀ ਦੀਆਂ ਸਰਹੱਦਾਂ 'ਤੇ ਕਿਸਾਨਾਂ ਦੇ ਨਾਲ-ਨਾਲ ਮਜ਼ਦੂਰ ਵੀ ਖੜ੍ਹੇ ਸਨ। ਮੰਚਾਂ ਤੋਂ ਲੈ ਕੇ ਨਾਅਰਿਆਂ ਤੱਕ ਇਹ ਕਿਹਾ ਗਿਆ ਕਿ ਕਿਸਾਨ ਅਤੇ ਮਜ਼ਦੂਰ ਇਕੋ ਸਿੱਕੇ ਦੇ ਦੋ ਪਾਸੇ ਹਨ । ਪਰ ਅੱਜ, ਜਦੋਂ ਮਨਰੇਗਾ ਨੂੰ ਅਮਲੀ ਤੌਰ 'ਤੇ ਖਤਮ ਕਰਨ ਅਤੇ ਉਸ ਦੀ ਥਾਂ "ਜੀ ਰਾਮ ਜੀ" ਵਰਗੇ ਧੁੰਦਲੇ ਤੇ ਮਜ਼ਦੂਰ ਵਿਰੋਧੀ ਤਜਰਬੇ ਲਿਆਂਦੇ ਜਾ ਰਹੇ ਹਨ, ਤਾਂ ਉਹੀ ਕਿਸਾਨ ਜਥੇਬੰਦੀਆਂ ਅਚਾਨਕ ਗੂੰਗੀਆਂ ਕਿਉਂ ਹੋ ਗਈਆਂ ਹਨ ?

ਮਨਰੇਗਾ ਸਿਰਫ਼ ਇੱਕ ਯੋਜਨਾ ਨਹੀਂ ਸੀ ਇਹ ਪਿੰਡਾਂ ਦੇ ਗਰੀਬ ਮਜ਼ਦੂਰਾਂ ਲਈ ਰੋਜ਼ੀ ਦਾ ਕਾਨੂੰਨੀ ਹੱਕ ਸੀ। ਇਹ ਉਹ ਢਾਲ ਸੀ ਜੋ ਬੇਰੋਜ਼ਗਾਰੀ, ਭੁੱਖਮਰੀ ਅਤੇ ਮਜ਼ਦੂਰੀ ਸ਼ੋਸ਼ਣ ਤੋਂ ਕੁਝ ਹੱਦ ਤੱਕ ਬਚਾਅ ਕਰਦੀ ਸੀ। ਅੱਜ ਇਸ ਯੋਜਨਾ ਦੇ ਬਜਟ 'ਚ ਕਟੌਤੀਆਂ, ਦਿਹਾੜੀ ਦੇਰੀ ਨਾਲ ਮਿਲਣਾ, ਕੰਮ ਘੱਟ ਹੋਣਾ

ਅਤੇ ਹੁਣ "ਜੀ ਰਾਮ ਜੀ" ਦੇ ਨਾਂ 'ਤੇ ਇਸਨੂੰ ਦਫ਼ਨ ਕਰਨ ਦੀ ਤਿਆਰੀ ਇਹ ਸਭ ਮਜ਼ਦੂਰ ਵਰਗ 'ਤੇ ਸਿੱਧਾ ਹਮਲਾ ਹੈ।

ਸਵਾਲ ਇਹ ਹੈ ਕਿ ਜੋ ਕਿਸਾਨ ਜਥੇਬੰਦੀਆਂ ਕਹਿੰਦੀਆਂ ਸਨ ਕਿ "ਮਜ਼ਦੂਰ ਬਿਨਾਂ ਕਿਸਾਨ ਅੰਦੋਲਨ ਅਧੂਰਾ ਹੈ" । ਉਹ ਅੱਜ ਮਜ਼ਦੂਰਾਂ ਦੇ ਹੱਕ ਖੋਹੇ ਜਾਣ 'ਤੇ ਚੁੱਪ ਕਿਉਂ ਹਨ ?

ਕੀ ਏਕਤਾ ਸਿਰਫ਼ ਨਾਅਰਿਆਂ ਤੱਕ ਸੀ ? ਕੀ ਮਜ਼ਦੂਰ ਸਿਰਫ਼ ਧਰਨਿਆਂ 'ਚ ਭੀੜ ਵਧਾਉਣ ਲਈ ਲੋੜੀਂਦਾ ਸੀ ?

"ਜੀ ਰਾਮ ਜੀ" ਕੋਈ ਰੋਜ਼ਗਾਰ ਗਾਰੰਟੀ ਨਹੀਂ , ਇਹ ਮਜ਼ਦੂਰ ਦੇ ਹੱਕ ਨੂੰ ਦਾਨ ਵਿੱਚ ਬਦਲਣ ਦੀ ਸਾਜ਼ਿਸ਼ ਹੈ । ਇਸ ਵਿੱਚ ਨਾ ਕੰਮ ਦੀ ਗਾਰੰਟੀ ਹੈ ਨਾ ਦਿਹਾੜੀ ਦੀ ਸੁਰੱਖਿਆ ਅਤੇ ਨਾ ਹੀ ਕਾਨੂੰਨੀ ਜਵਾਬਦੇਹੀ । ਜੇ ਮਨਰੇਗਾ ਮਰੀ ਤਾਂ ਸਭ ਤੋਂ ਪਹਿਲਾਂ ਪਿੰਡਾਂ ਦਾ ਮਜ਼ਦੂਰ ਮਰੇਗਾ ਅਤੇ ਉਸ ਤੋਂ ਬਾਅਦ ਛੋਟਾ ਕਿਸਾਨ ਵੀ ਮਰੇਗਾ । ਕਿਸਾਨ ਜਥੇਬੰਦੀਆਂ ਨੂੰ ਸਮਝਣਾ ਪਵੇਗਾ ਕਿ ਮਜ਼ਦੂਰ ਬਿਨਾਂ ਕਿਸਾਨ ਨਹੀਂ ਬਚ ਸਕਦਾ । ਜੇ ਅੱਜ ਮਜ਼ਦੂਰ ਦੇ ਹੱਕ 'ਤੇ ਹਮਲਾ ਚੁੱਪਚਾਪ ਸਹਿ ਲਿਆ ਗਿਆ, ਤਾਂ ਕੱਲ੍ਹ ਇਹੀ ਤਾਕਤਾਂ ਐਮ.ਐਸ.ਪੀ ਜ਼ਮੀਨ ਅਤੇ ਕਿਸਾਨੀ 'ਤੇ ਵੀ ਹਮਲਾ ਕਰਨਗੀਆਂ । ਹੁਣ ਵੀ ਵੇਲਾ ਹੈ ਕਿਸਾਨ ਜਥੇਬੰਦੀਆਂ ਆਪਣੀ ਖ਼ਾਮੋਸ਼ੀ ਤੋੜਨ ਮਨਰੇਗਾ ਦੇ ਖਾਤਮੇ ਅਤੇ "ਜੀ ਰਾਮ ਜੀ" ਦੇ ਵਿਰੋਧ 'ਚ ਖੁੱਲ੍ਹ ਕੇ ਮੈਦਾਨ 'ਚ ਆਉਣ ਨਹੀਂ ਤਾਂ ਇਤਿਹਾਸ ਸਵਾਲ ਪੁੱਛੇਗਾ ਜਦੋਂ ਮਜ਼ਦੂਰ ਦਾ ਹੱਕ ਖੋਹਿਆ ਗਿਆ ਉਦੋਂ ਕਿਸਾਨ ਕਿੱਥੇ ਸੀ ?

ਪੱਤਰਕਾਰ ਬਲਦੇਵ ਸਿੰਘ ਜਨੂਹਾ,
ਮੋਬਾਇਲ ਨੰਬਰ
9814824215.

(ਸੱਚੀ ਕਲਮ ਦਾ ਹੋਕਾ)

ਕਲਮਾਂ ਵਿਕਦੀਆਂ ਦੇਖ ਕੇ, ਮਨ ਬੜਾ ਘਬਰਾਉਂਦਾ ਏ,
ਸੱਚ ਲਿਖਣ ਤੋਂ ਡਰ ਕੇ, ਬੰਦਾ ਕਿਉਂ ਮੂੰਹ ਪਰਤਾਉਂਦਾ ਏ?
ਪਰ ਜਦੋਂ ਉੱਠੇ ਆਵਾਜ਼ ਅਣਖੀ, ਤਾਂ ਮਾਣ ਜਿਹਾ ਹੋ ਜਾਂਦਾ ਏ,
'ਕੰਵਲਜੀਤ ਜੁਨੇਜਾ 'ਜੀ ਵਰਗੀ ਕਲਮ, ਫਿਰ ਚਾਨਣ ਬਣ ਕੇ ਆਉਂਦੀ ਏ।
ਨੇਤਾ ਜੀ, ਹੁਣ ਗੱਲਾਂ ਛੱਡੋ, ਕੁਝ ਅਮਲ ਵੀ ਕਰਕੇ ਦਿਖਲਾਓ,
ਸਰਕਾਰੀ ਸਕੂਲੀਂ ਬੱਚੇ ਪਾਓ, ਹਸਪਤਾਲਾਂ 'ਚ ਇਲਾਜ ਕਰਾਓ।
ਜੇਕਰ ਦੇਸ਼ ਦੀ ਸੇਵਾ ਕਰਨੀ, ਤਾਂ ਫੌਜ 'ਚ ਪੁੱਤ ਭੇਜੋ,
ਕੁਰਸੀ ਦੇ ਹੰਕਾਰ ਨੂੰ ਛੱਡ ਕੇ, ਮਿੱਟੀ ਦਾ ਮੁੱਲ ਪਛਾਣੋ।
ਜਿਸ ਦਿਨ ਹਾਕਮ ਨੇ ਆਪੇ, ਇਹ ਸਾਰੇ ਰਾਹ ਅਪਣਾ ਲਏ,
ਗਰੀਬੀ ਤੇ ਬੇਰੁਜ਼ਗਾਰੀ ਦੇ, ਫਿਰ ਸਭ ਭਰਮ ਮਿਟਾ ਲਏ।
ਜੋ ਉੱਡਦਾ ਮਜ਼ਾਕ ਅੱਜ, ਕੱਲ੍ਹ ਇਤਿਹਾਸ ਬਣ ਜਾਏਗਾ,
ਜਦੋਂ ਜਾਗਿਆ ਲੋਕਤੰਤਰ, ਤਾਂ ਹਰ ਕੋਈ ਸੱਚ ਨੂੰ ਗਾਏਗਾ।
ਵਿਕਾਊ ਨਹੀਂ, ਇਹ ਅਣਖੀ ਕਲਮ, ਸਦਾ ਸੱਚ ਦਾ ਰਾਹ ਚੁਣਦੀ ਏ,
ਇਹ ਦਰਦ ਸਮਾਜ ਦਾ ਲਿਖਦੀ, ਤੇ ਹਰ ਦਿਲ ਦੀ ਗੱਲ ਸੁਣਦੀ ਏ।
ਲਿਖਦੇ ਰਹੋ ਇੰਝ ਹੀ ਸੱਜਣੋ, ਇੱਕ ਦਿਨ ਬਦਲਾਅ ਆਵੇਗਾ,
ਤੁਹਾਡੀ ਸੋਚ ਦਾ ਨਾਅਰਾ ਹੀ, ਨਵਾਂ ਸਮਾਜ ਬਣਾਵੇਗਾ।

ਅਨਿਮੇਸ਼ਵਰ ਕੌਰ

ਵਿਸ਼ਵ ਜੋਤੀ

'' ਬਾਬੂ ਜੀ, ਤੁਹਾਡਾ ਨੰਬਰ ਬਾਬੇ ਤੋ ਬਾਅਦ''

'' ਅੱਛਾ ।''

'' ਲਾਲਾ ਜੀ, ਤੁਹਾਡਾ ਨੰਬਰ ਬਾਬੂ ਜੀ ਤੋ ਬਾਅਦ''

ਬਠਿੰਡੇ ਦੀ ਗੋਲ ਮਾਰਕੀਟ ਦੇ ਨੇੜੇ ਪਾਣੀ ਦੀ ਟੈਂਕੀ ਦੇ ਥੱਲੇ ਖੜ੍ਹਾ ਗਿਆਨੀ ਪਰਾਂਠੇ ਵਾਲਾ ਆਪਣੇ ਗਾਹਕ ਨਿਪਟਾ ਰਿਹਾ ਸੀ । ਮੇਰਾ ਨੰਬਰ ਬਾਬੇ ਤੋ ਬਾਅਦ ਸੀ ਪਰ ਬਾਬੇ ਤੋ ਪਹਿਲਾਂ ਪਤਾ ਨਹੀ ਕਿੰਨੇ ਹੋਰ ਆਦਮੀ ਲਾਈਨ ਵਿੱਚ ਲੱਗੇ ਹੋਏ ਸਨ । ਮੈਂ ਆਪਣੀ ਵਾਰੀ ਦੀ ਇੰਤਜਾਰ ਵਿੱਚ ਪਾਸੇ ਹੋ ਕੇ ਖਲੋ ਗਿਆ ਤੇ ਬਾਬੇ ਵੱਲ ਵੇਖਣ ਲੱਗ ਪਿਆ। ਸੱਤਰ ਅੱਸੀ ਸਾਲਾਂ ਦਾ ਬਾਬਾ ਗਿਆਨੀ ਦੇ ਪਰਾਂਠੇ ਕਿਵੇ ਹਜਮ ਕਰੂ । ਇਹ ਮੇਰੀ ਸੋਚ ਦਾ ਵਿਸ਼ਾ ਸੀ ।

'ਬਾਬਾ, ਪਰਾਂਠਾ ਤਾਂ ਕਾਫੀ ਭਾਰਾ ਹੁੰਦਾ ਹੈ। ਤੁਹਾਡੇ ਹਾਜਮ ਆਜੂ ।'' ਮੈ ਜਿਗਿਆਸਾ ਵਸ ਬਾਬੇ ਨੂੰ ਪੁੱਛਿਆ ।

''ਬੇਟਾ, ਮਜਬੂਰੀ ਦਾ ਨਾਂ..... ਹੈ। ਪਰ ਕੀ ਕਰਾਂ, ਮੇਰੀ ਤਾਂ ਉਮਰ ਖਿਚੜੀ ਦਲੀਆ ਖਾਣ ਦੀ ਹੈ। ''

ਬਾਬੇ ਨੇ ਗੱਲ ਲਮਕਾਉਣ ਦੇ ਤਰੀਕੇ ਨਾਲ ਕਿਹਾ। ਮੈ ਬਾਬੇ ਵਿੱਚ ਦਿਲਚਸਪੀ ਲੈਣੀ ਸੁਰੂ ਕਰ ਦਿੱਤੀ।

''ਬਾਬੂ ਜੀ ਤੁਸੀ ਕੀ ਕਰਦੇ ਹੋ?'' ਬਾਬੇ ਨੇ ਅਚਾਨਕ ਮੈਨੂੰ ਪੁੱਛਿਆ। ''ਮੈ ਕਹਾਣੀਆਂ ਲਿਖਦਾ ਹਾਂ, ਮੇਰੀਆਂ ਕਹਾਣੀਆਂ ਅਖਬਾਰਾਂ ਵਿੱਚ ਛਪਦੀਆਂ ਹਨ। ਮੈ ਕਿਹਾ।

''ਅੱਛਾ ਕਹਾਣੀਆਂ ਲਿਖਦੇ ਹੋ ।'ਕਹਾਣੀਆਂ ਤਾਂ ਸਾਡੇ ਕੋਟਕਪੂਰੇ ਵਾਲੀ ਵਿਸ਼ਵਜੋਤੀ ਧੀਰ ਵੀ ਲਿਖਦੀ ਹੈ । ਬਹੁਤ ਵਧੀਆ । ਪਤਾ ਨਹੀ ਕਿਥੋ ਲੱਭ ਕੇ ਲਿਆਉਦੀ ਹੈ । ਹਰ ਇੱਕ ਦਾ ਦੁੱਖ ਦਰਦ ਸਮਝਦੀ ਹੈ । ਖਾਸ ਕਰਕੇ ਧੀਆਂ ਦਾ ਤੇ ਔਰਤਾਂ ਦਾ । ਨਵੀ ਸੋਚ ਦਿੰਦੀ ਹੈ । ਉਹ ਤਾਂ ਪੁੱਤਾਂ ਵਰਗੀ ਧੀ ਹੈ। ਕੈਜਾ ਦਿਮਾਗ ਦਿੱਤਾ ਹੈ ਰੱਬ ਨੇ ਉਸ ਨੂੰ। ਬਾਬੇ ਦੀ ਸਾਹਿਤਿਕ ਰੁਚੀ ਵੇਖ ਕੇ ਮੈ ਬਾਬੇ ਦੇ ਹੋਰ ਨੇੜੇ ਹੋ ਗਿਆ ।

''ਬਾਬੂ ਜੀ, ਸੋਡਾ ਤਾਂ ਮੈਨੂੰ ਪਤਾ ਨਹੀ ਕੈਜਾ ਲਿਖਦੇ ਹੋ, ਉਸ ਦੀਆਂ ਕਹਾਣੀਆਂ ਤਾਂ ਕਮਾਲ ਦੀਆਂ ਹੁੰਦੀਆਂ ਹਨ ।

ਮੈ ਉਸਦੀ ਕਹਾਣੀ ''ਛਿੰਦਾ ਪੁੱਤ'' ਕਹਾਣੀ ਪੜ੍ਹੀ ਸੀ । ਖਬਾਰ ਚ । ਮੇਰੀ ਤਾਂ ਰੂਹ ਖੁਸ ਹੋਗੀ ਪੜ੍ਹ ਕੇ । ਧੀ ਹੋ ਕੇ ਪੁੱਤਾਂ ਵਰਗੀ ਧੀ ਬਾਰੇ ਲਿਖਿਆ । ਕਮਾਲ ਕਰਤੀ ਬਈ ਓਸ ਨੇ .....।

ਬਾਬਾ ਜੀ ਲਓ ਤੁਹਾਡਾ ਪਰਾਂਠਾ ।'' ਗਿਆਨੀ ਨੇ ਬਾਬੇ ਨੂੰ ਬੁਲਾ ਕੇ ਪਰਾਂਠਾ

ਦਿੱਤਾ । ਸਾਡੀ ਗੱਲਬਾਤ ਦਾ ਸਿਲਸਿਲਾ ਟੁੱਟ ਗਿਆ । ਬਾਬੇ ਨੇ ਪਰਾਂਠੇ ਦੀ ਪਲੇਟ ਫੜ੍ਹ ਕੇ ਇੱਕ ਹੋਰ ਪਰਾਂਠਾ ਪੈਕ ਕਰਨ ਦਾ ਆਰਡਰ ਗਿਆਨੀ ਨੂੰ ਦੇ ਦਿੱਤਾ । ਮੈਨੂੰ ਪੁੱਛਣ ਦਾ ਮੌਕਾ ਮਿਲ ਗਿਆ ।

''ਬਾਬਾ ਜੀ ਪਰਾਂਠਾ ਪੈਕ ਕਿਸ ਵਾਸਤੇ ?'' ਮੈ ਬਾਬੇ ਨੂੰ ਪੁੱਛਿਆ । ਖਬਰੇ ਮੈਨੂੰ ਕੁੱਝ ਨਵਾਂ ਮਿਲ ਜਾਵੇ।

ਬਾਬਾ ਪਰਾਂਠਾ ਖਾਂਦਾ ਖਾਂਦਾ ਮੇਰੇ ਹੋਰ ਨੇੜੇ ਹੋ ਗਿਆ ।''ਬਾਬੂ ਜੀ ਮੇਰੀ ਕਹਾਣੀ ਵੀ ਬਹੁਤ ਲੰਮੀ ਹੈ, ਲਿਖੋਗੇ ?'' ਪਰ ਤੁਸੀ ਕੀ ਲਿਖਣੀ ਹੈ, ਸੋਡੇ ਕੋਲ ਤਾਂ ਸੁਨਣ ਦਾ ਵੀ ਟੈਮ ਨਹੀ ਹੋਣਾ ਸੈਦ । ਸੋਡੇ ਕੋਲ ਤਾਂ ਕੀ, ਮੇਰੇ ਜੰਮਿਆਂ ਕੋਲ ਵੀ ਟੈਮ ਨਹੀ ਮੇਰੀ ਗੱਲ ਸੁਨਣ ਦਾ। ਬੁਢਿਆਂ ਨੂੰ ਕੌਣ ਸੁਣਦਾ ਹੈ ? ਸਭ ਨੂੰ ਆਪੋ ਆਪਣੀ ਪਈ ਹੈ।''

ਬਾਬੇ ਦੇ ਦੁੱਖਾਂ ਦੇ ਸਬਰ ਦਾ ਪਿਆਲਾ ਛੱਲਕਣ ਲਈ ਤਿਆਰ ਸੀ।''ਬਾਬੂ ਜੀ ਤੁਹਾਡਾ ਪਰਾਂਠਾ'', ਗਿਆਨੀ ਨੇ ਫੇਰ ਵਾਜ ਮਾਰ ਦਿੱਤੀ ।ਮੈ ਪਲੇਟ ਫੜ੍ਹ ਕੇ ਗਰਮ ਗਰਮ ਪਰਾਂਠਾ ਲੈ ਕੇ ਬਾਬੇ ਦੇ ਨੇੜੇ ਹੋ ਗਿਆ । ਬਾਬੂ ਜੀ, ਮੇਰੀ ਕੋਟਕਪੂਰੇ ਦੁਕਾਨ ਚਲਦੀ ਸੀ ਬਹੁਤ ਵੱਧੀਆ । ਮੇਰੀ ਦੁਕਾਨ ਨੂੰ ਵੇਖ ਕੇਹੀ ਮੇਰਾ ਵਿਆਹ, ਰਾਜੇ ਆਲੇ ਫਰੀਦਕੋਟ ਹੋ ਗਿਆ । ਮੈ ਵੀ ਖੁਸਓ ਤੇ ਮੇਰੇ ਸਹੁਰੇ ਵੀ ਖੁਸਓ । ਮੇਰੇ ਮਾਂ ਪਿਓ ਤਾਂ ਖੁਸ ਹੋਣੇ ਹੀ ਸਨ। ਪਰ ਮੇਰੀ ਖੁਸ਼ੀ ਥੋੜੇ ਦਿਨ ਹੀ ਚੱਲੀ । ਜਦੋ ਆਉਣ ਵਾਲੇ ਪੋਤੇ ਦੀ ਲਾਲਸਾ ਕਾਰਨ ਮੇਰੀ ਮਾਂ ਨੇ ਪੋਤੀ ਨੂੰ ਜੰਮਣ ਤੋ ਪਹਿਲਾਂ ਹੀ ਉਪਰ ਦਾ ਰਸਤਾ ਦਿਖਾ ਦਿੱਤਾ । ਚਾਰ ਪੋਤਿਆਂ ਦੀ ਲਾਈਨ ਲਗਾਉਣ ਲਈ ਮੈਨੂੰ ਤਿੰਨ ਕਤਲਾਂ ਦਾ ਦੋਸ਼ੀ ਬਣਾ ਦਿੱਤਾ । ਪਰ ਏਸ ਕਾਰੇ ਨੇ ਮੈਨੂੰ ਮੇਰੀ ਆਤਮਾ ਤੋ ਨੀਵਾਂ ਦਿਖਾ ਦਿੱਤਾ । ਮੈ ਅਤੇ ਮੇਰੇ ਘਰਵਾਲੀ ਅਕਸਰ ਏਸੇ ਬੋਝ ਨਾਲ ਦਬੇ ਰਹਿੰਦੇ ।ਸਾਨੂੰ ਇਸ ਦੀ ਸਜਾ ਜਰੂਰ ਮਿਲੇਗੀ, ਸਾਡੀ ਆਤਮਾ ਕਹਿੰਦੀ। ਪਰ ਸਾਡਾ ਕੰਮ ਕਾਜ ਵਧੀਆ ਸੀ। ਚਾਰੇ ਮੁੰਡੇ ਪੜ੍ਹ ਕੇ ਕੋਰਸ ਕਰਨ ਲੱਗ ਗਏ । ਸਾਨੂੰ ਰੱਬ ਯਾਦ ਨਾਂ ਰਿਹਾ । ਵੱਡਾ ਮੁੰਡਾ ਸਰਕਾਰੀ ਮਾਸਟਰ ਬਣ ਗਿਆ ਤੇ ਮਾਸਟਰਣੀ ਨਾਲ ਹੀ ਵਿਆਹਿਆ ਗਿਆ । ਉਸਨੇ ਆਪਣੇ ਤੋ ਛੋਟੇ ਦੋਹਾਂ ਨੂੰ ਵੀ ਪੜ੍ਹਾ ਕੇ ਮਾਸਟਰ ਲਗਵਾ ਦਿੱਤਾ ਤੇ ਨੌਕਰੀ ਲੱਗਦਿਆਂ ਨਾਲ ਹੀ ਉਹਨਾਂ ਦੇ ਰਿਸ਼ਤੇ ਹੋ ਗਏ । ਮੁੰਡੇ ਨੌਕਰੀ ਲੱਗ ਕੇ, ਵਿਆਹ ਕਰਾ ਕੇ, ਅੱਡ ਹੁੰਦੇ ਗਏ । ਸਾਡੀ ਨਜਰ ਹੁਣ ਸੱਭ ਤੋ ਛੋਟੇ ਤੇ ਸੀ । ਉਹ ਪੜ੍ਹਾਈ ਵਿੱਚ ਕਾਫੀ ਹੁਸ਼ਿਸਆਰ ਸੀ । ਪੜ੍ਹ ਕੇ ਉਹ ਬੈਕ ਵਿੱਚ ਲੱਗ ਗਿਆ ਤੇ ਬੈਕ ਵਾਲੀ ਨਾਲ ਹੀ ਉਸਨੇ ਵਿਆਹ ਕਰਵਾ ਲਿਆ ।ਗੱਲ ਕੀ, ਆਨੇ-ਬਹਾਨੇ ਸਾਨੂੰ ਚਾਰੇ ਹੀ ਛੱਡ ਗਏ। ਪਹਿਲਾਂ ਕਦੇ ਕਦੇ ਮਿਲਣ ਆਉਦੇ, ਫਿਰ ਕਦੇ ਕਦੇ ਚਿੱਠੀ ਪਾਉਦੇ ਤੇ ਅੰਤ ਨੂੰ ਟੈਲੀਫੋਨ, ਉਹ ਵੀ ਮਹੀਨੇ ਛਿਮਾਹੀ ਕਰਕੇ ਸਾਰ ਦਿੰਦੇ । ਹੌਲੀ- ਹੌਲੀ ਉਹ ਸਾਨੂੰ ਭੁੱਲ ਹੀ ਗਏ। ਮੈ ਇੱਕ ਕਮਰੇ ਵਿੱਚ ਚਾਰ ਬੱਚਿਆਂ ਨੂ ਪਾਲਿਆ, ਪੜ੍ਹਾਇਆ, ਵਿਆਹਿਆ ਪਰ ਹੁਣ ਚਾਰਾਂ ਕੋਲ ਚਾਰ ਘਰ ਹਨ ਪਰ ਮੇਰਾ ਘਰ ਕੋਈ ਨਹੀ । ਕੰਮ ਬੰਦ ਹੋ ਗਿਆ । ਕੱਚੀ ਖੋਲੀ ਵਿਕ ਗਈ। ਮੈ ਕੋਟਕਪੂਰਾ ਛੱਡ ਕੇ ਬਠਿੰਡੇ ਆ ਗਿਆ, ਕਿਰਾਏ ਤੇ ਕਮਰਾ ਲੈ ਲਿਆ ।

ਕੰਮਕਾਰ ਛੁੱਟ ਗਿਆ ਤੇ ਰੋਟੀ ਟੁੱਕ ਦੀ ਵੀ ਨੌਬਤ ਆ ਗਈ । ਬੁਢਾਪਾ ਪੈਨਸਨ ਅਤੇ ਲੋਕਾਂ ਕੋਲੋ ਮੰਗ ਕੇ ਪੇਟ ਭਰਨ ਲਈ ਮਜਬੂਰ ਹਾਂ ਅਸੀ ।ਨਾ ਮੈਨੂੰ ਦਿਸਦਾ ਭਾਲਦਾ ਹੈ ਨਾ ਉਸਨੂੰ। ਰੋਟੀ ਪਕਾਉਣੀ ਤਾਂ ਇੱਕ ਪਾਸੇ ਰਹੀ ਉਹ ਤਾਂ ਕੱਲੀ ਜੰਗਲ ਪਾਣੀ ਵੀ ਨਹੀ ਜਾ ਸਕਦੀ।ਚਾਰ ਮੁੰਡਿਆਂ ਦੇ ਮਾਂ ਪਿਉ ਦੀ ਇਹ ਹਾਲਤ । ਕੋਈ ਯਕੀਨ ਨਹੀਓ ਕਰਦਾ । ਕਾਸ਼ ਇੱਕ ਧੀ ਜਰੂਰ ਹੁੰਦੀ ਜੋ ਸਾਡਾ ਦੁੱਖ ਸਮਝਦੀ । ਸਾਨੂੰ ਬੇਸ਼ਕ ਰੋਟੀ ਨਾਂ ਦਿੰਦੀ ਪਰ ਸਾਡਾ ਦੁੱਖ ਤਾਂ ਸੁਣਦੀ ।ਸਾਡਾ ਮਨ ਹਲਕਾ ਹੋ ਜਾਂਦਾ ।'

''ਬਾਬਾ ਜੀ ਲਓ ਜੀ ਆਪਣਾ ਪਰਾਂਠਾ ।'' ਗਿਆਨੀ ਨੇ ਪੈਕ ਕੀਤਾ ਪਰਾਂਠਾ ਬਾਬੇ ਨੂੰ ਫੜਾ ਦਿੱਤਾ'' । ਚੰਗਾ ਬਾਬੂ ਜੀ, ਤੁਸੀ ਤਾਂ ਮੇਰੀਆਂ ਅਣਹੋਈਆਂ ਧੀਆਂ ਵਰਗੇ ਜਿਸ ਨੇ ਮੇਰੀ ਦੁੱਖ ਭਰੀ ਕਹਾਣੀ ਸੁਣ ਲਈ । ਮੇਰੇ ਮਨ ਦਾ ਬੋਝ ਹਲਕਾ ਹੋ ਗਿਆ। ਬਾਬੂ ਜੀ ਤੁਸੀ ਮੇਰੀ ਕਹਾਣੀ ਜਰੂਰ ਲਿਖਿਓ ਤਾਂ ਕਿ ਆਹ ਜਿਹੜੇ ਮੁੰਡਾ ਮੁੰਡਾ ਕੁਰਲਾਉਦੇ ਐ ਉਹਨਾਂ ਨੂੰ ਧੀਆਂ ਦੀ ਅਹਿਮੀਅਤ ਅਤੇ ਮੁੰਡਿਆਂ ਦੀਆਂ ਕਰਤੂਤਾਂ ਬਾਰੇ ਪਤਾ ਚੱਲ ਸਕੇ । ਵੈਸੇ ਸਾਰੇ ਮੁੰਡੇ ਇਕੋ ਜਿਹੇ ਨਹੀ ਹੁੰਦੇ ਪਰ ਫਿਰ ਵੀ ਅੱਖਾਂ ਤੇ ਪਈ ਮੋਹ ਦੀ ਪੱਟੀ ਤਾਂ ਉੱਤਰਨੀ ਹੀ ਚਾਹੀਦੀ ਹੈ ।' ਬਾਬੇ ਨੇ ਅੱਖਾਂ ਚੋ ਆਇਆ ਪਾਣੀ ਪੂੰਝਿਆ । ਮੇਰੇ ਵੱਲ ਨੀਝ ਲਾਕੇ ਵੇਖਿਆ ਤੇ ਠੰਡਾ ਜਿਹਾ ਹਾਉਕਾ ਲਿਆ । ਮੈਨੂੰ ਲੱਗਿਆ ਬਾਬੇ ਨੂੰ ਪਰਾਂਠੇ ਦੇ ਸੁਆਦ ਨਾਲੋ ਵੱਧ ਤਸੱਲੀ ਹੋ ਗਈ ਤੇ ਪੈਕ ਕੀਤਾ ਪਰਾਂਠਾ ਲੈ ਕੇ ਬਾਬਾ ਉਥੋ ਚਲਾ ਗਿਆ ।

ਰਮੇਸ ਸੇਠੀ ਬਾਦਲ
98 766 27 233

ਲਿਖਣ ਕਲਾ-ਡਿਸਗ੍ਰਾਫੀਆ

ਯੂਨਾਨੀ ਭਾਸ਼ਾ ਦੇ ਦੋ ਸ਼ਬਦਾਂ ''ਡਿਸ'' ਅਤੇ ''ਗ੍ਰਾਫੀਆ'' ਤੋਂ ਬਣਿਆ ਹੈ। ''ਡਿਸ'' ਤੋਂ ਭਾਵ ਹੈ ਮੁਸ਼ਕਿਲ ਅਤੇ ''ਗ੍ਰਾਫੀਆ''ਤੋਂ ਭਾਵ ਹੈ ਲਿਖਣਾ। ਵਿਦਿਆਰਥੀਆਂ ਨੂੰ ਲਿਖਣ ਸਮੇਂ, ਗੰਭੀਰ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ ਇਹ ਸਮੱਸਿਆ ਸਿਰਫ ਲਿਖਾਈ ਦੀ ਸੁੰਦਰਤਾ ਤੱਕ ਸੀਮਤ ਨਹੀਂ ਸਗੋਂ ਇਹ ਅੱਖਰਾਂ ਦੀ ਬਣਾਵਟ, ਸ਼ਬਦਾਂ ਨੂੰ ਠੀਕ ਦਿਖਣ, ਵਾਕ ਬਣਾਉਣ ਅਤੇ ਵਿਚਾਰਾਂ ਨੂੰ ਕਾਗਜ਼ ਤੇ ਉਤਾਰਨ ਦੀ ਯੋਗਤਾ ਤੇ ਵੀ ਅਸਰਅੰਦਾਜ਼ ਹੁੰਦੀ ਹੈ। ਡਿਸਗ੍ਰਾਫੀਆ ਦੇ ਲੱਛਣ, ਬੱਚਿਆਂ ਦੀ ਉਮਰ ਅਤੇ ਪੱਧਰ ਦੇ ਹਿਸਾਬ ਨਾਲ ਵੱਖੋ ਵੱਖਰੇ ਹੋ ਸਕਦੇ ਹਨ। ਡਿਸਗ੍ਰਾਫੀਆ ਦੇ ਲੱਛਣ ਬਚਪਨ ਵਿੱਚ ਹੀ ਸਾਹਮਣੇ ਆ ਜਾਂਦੇ ਹਨ, ਜੇਕਰ ਸਮੇਂ ਸਿਰ ਪਛਾਣ ਨਾ ਕੀਤੀ ਜਾਵੇ ਤਾਂ ਇਹ ਵਿਦਿਆਰਥੀ ਦੀ ਸਮੁੱਚੀ ਸਿੱਖਣ ਸਮਰੱਥਾ ਤੇ ਨਕਾਰਾਤਮਕ ਅਸਰ ਪਾ ਸਕਦੀ ਹੈ। ਬਚਪਨ ਵਿੱਚ ਮੁਢਲੀਆਂ ਕਲਾਸਾਂ ਵਿੱਚ ਹੀ ਅਸੀਂ ਕੱਚੀ ਮਿੱਟੀ ਉੱਤੇ ਰੀਠੇ ਦੀ ਕਲਮ ਨਾਲ ਲਿਖ ਕੇ ਅਭਿਆਸ ਕਰਦੇ ਹੁੰਦੇ ਸੀ। ਪੁਰਾਣੀ ਹਥਾਈ ਹੀ ਸਾਡਾ ਸਕੂਲ ਹੁੰਦਾ ਸੀ। ਹਰਿਆਣੇ ਦਾ ਦੌਲਤ ਰਾਮ ਪਾਧਾ, ਬਹੁਤ ਹੀ ਵਧੀਆ ਤਰੀਕੇ ਨਾਲ ਪੰਜਾਬੀ ਦੀ 35 ਅੱਖਰੀ ਅਤੇ ਮੁਹਾਰਨੀ ਹਰ ਰੋਜ਼ ਦੁਹਰਾਉਂਦੇ ਅਤੇ ਘਰੋਂ ਫੱਟੀ ਉੱਤੇ, ਸਰਕੜੇ ਦੀ ਕਾਨੀ ਦੀ ਕਲਮ ਅਤੇ ਕਾਲੀ ਸਿਆਹੀ ਨਾਲ, ਖੁਸ਼ਖ਼ਤ ਕਰਕੇ ਲਿਖ ਕੇ ਲਿਆਉਂਣ ਦੀ ਤਾਕੀਦ ਕਰਦੇ ਸੀ। ਤਿੰਨ ਚਾਰ ਘੰਟੇ ਦੀ ਪੜ੍ਹਾਈ ਤੋਂ ਬਾਅਦ, ਜ਼ੁਬਾਨੀ ਇੱਕ ਤੋਂ 100 ਤੱਕ ਗਿਣਤੀ ਅਤੇ ਦੂਣੀ,ਤੀਏ,ਚਾਰ ਅਤੇ ਪੰਜ ਦਾ ਪਹਾੜਾ ਵੀ ਯਾਦ ਕਰਵਾਇਆ ਜਾਂਦਾ ਸੀ। ਸਾਡੀ ਤੀਸਰੀ ਜਮਾਤ,ਨਵੀਂ ਹਥਾਈ ਵਿੱਚ ਲੱਗਣ ਲੱਗੀ। ਕ੍ਰਿਪਾਲ ਸਿੰਘ ਮਾਸਟਰ ਜੀ ਵੀ ਸਰਕਾਰ ਵੱਲੋਂ ਨਿਯੁਕਤ ਹੋ ਕੇ ਆ ਗਏ। ਸਕੂਲ ਦੀ ਬਿਲਡਿੰਗ ਦੋ ਸਾਲ ਬਾਅਦ ਤਿਆਰ ਹੋਈ। ਉਨ੍ਹਾਂ ਨੇ ਵੀ ਬਹੁਤ ਲਗਨ ਨਾਲ ਅਤੇ ਪੂਰੇ ਡਿਸਗ੍ਰਾਫੀਆ ਦੇ ਸਿਧਾਂਤ ਨਾਲ ਪੜ੍ਹਾਇਆ। ਮੇਰੀ ਮਾਂ ਭਾਵੇਂ ਅਨਪੜ੍ਹ ਸੀ, ਪਰ ਕਲਾਕਾਰ

ਪੂਰੀ ਸੀ, ਹਾਰੇ ਚੁਲ੍ਹੇ,ਓਟੇ, ਭੜੋਲੇ ,ਚੰਗੀ ਤਰ੍ਹਾਂ ਲਿਪ-ਪੋਚ ਕੇ ਕਲਾਕਾਰੀ ਕਰਦੀ ਰਹਿੰਦੀ ਸੀ,ਕਲਾਕਾਰੀ ਮੈਨੂੰ ਵਿਰਾਸਤ ਵਿੱਚ ਮਿਲੀ। ਉਸ ਜ਼ਮਾਨੇ ਵਿੱਚ ਮੇਰੇ ਪਿਤਾ ਜੀ ਵੀ ਸਾਧਾਂ ਦੇ ਡੇਰਿਆਂ ਵਿੱਚੋਂ ਗੁਰਮੁਖੀ ਅਤੇ ਉਰਦੂ ਦੇ ਗਿਆਤਾ ਸਨ, ਪ੍ਰਾਈਮਰੀ ਪੱਧਰ ਤੱਕ ਪੜ੍ਹੇ ਸਨ। ਉਨ੍ਹਾਂ ਤੋਂ ਵੀ ਸੇਧ ਮਿਲਦੀ ਰਹਿੰਦੀ ਸੀ। ਮੇਰੀ ਖੁਸ਼ਖ਼ਤ ਲਿਖਾਈ ਅਤੇ ਡਰਾਇੰਗ ਤਾਉਮਰ ਮੇਰੇ ਕੰਮ ਆਈ। ਹਰ ਕੋਈ ਮੇਰੇ ਕੋਲੋਂ ਚਾਰਟ, ਚਿੱਤਰ, ਪ੍ਰੈਕਟੀਕਲ ਕਾਪੀਆਂ ਦੇ ਚਿਤਰਨ ਕਰਵਾਉਣ ਦੀ ਮਿੰਨਤਾਂ ਕਰਦਾ ਰਹਿੰਦਾ ਸੀ। ਡਿਸਗ੍ਰਾਫੀਆ ਵਿਕਾਰ, ਬੱਚਿਆਂ ਵਿੱਚ ਨਿਊਰੋਲੋਜੀਕਲ ਵੀ ਹੋ ਸਕਦਾ ਹੈ, ਜਿਹੜਾ ਲਿਖਾਈ ਨੂੰ ਪ੍ਰਭਾਵਿਤ ਕਰਦਾ ਹੈ। ਦਿਮਾਗ ਦੇ ਕਈ ਹਿੱਸਿਆਂ ਵਿੱਚ ਮੋਟਰ ਪਲੈਨਿੰਗ, ਵਿਜ਼ੂਅਲ ਸਪੇਸ਼ੀਅਲ ਹੁਨਰ, ਮੈਮਰੀ ਅਤੇ ਭਾਸ਼ਾ ਸ਼ਾਮਿਲ ਹੁੰਦੇ ਹਨ, ਵਿੱਚ ਸਮੱਸਿਆ ਆ ਜਾਂਦੀ ਹੈ। ਅੱਖਰਾਂ ਦੀਆਂ ਸ਼ਕਲਾਂ, ਹੱਥਾਂ ਦੀਆਂ ਹਰਕਤਾਂ ਨੂੰ, ਯਾਦ ਰੱਖਣ ਵਿੱਚ, ਮੁਸ਼ਕਿਲ ਆਉਂਦੀ ਹੈ। ਇਹ ਜੈਨੇਟਿਕ ਅਧਾਰਤ ਵੀ ਹੋ ਸਕਦੀ ਹੈ। ਮਾਪਿਆਂ ਤੇ ਅਧਿਆਪਕਾਂ ਦੀ ਸਮਝ ਅਤੇ ਸਹਿਯੋਗ ਨਾਲ, ਇਸ ਸਮੱਸਿਆ ਤੋਂ ਪੀੜਤ ਬੱਚਿਆਂ ਨੂੰ, ਸੁਹਿਰਦਤਾ ਨਾਲ ਨਿਜਾਤ ਦਿਵਾਈ ਜਾ ਸਕਦੀ ਹੈ। ਡਿਸਗ੍ਰਾਫੀਆ ਕੋਈ ਬਿਮਾਰੀ ਨਹੀਂ ਹੈ। ਸਮੇਂ ਸਿਰ ਢੁੱਕਵੀ ਪਛਾਣ ਬਣਾਉਣ ਵਿਚ ਸਹਾਇਤਾ ਕਰਨ ਅਤੇ ਸਕਾਰਾਤਮਕ ਦ੍ਰਿਸ਼ਟੀਕੋਣ ਨਾਲ, ਪੀੜਤ ਵਿਦਿਆਰਥੀ ਆਪਣੀ ਪੂਰੀ ਸਮਰੱਥਾ ਪ੍ਰਗਟਾ ਸਕਦੇ ਹਨ। ਸਮਾਜ, ਸਕੂਲ ਅਤੇ ਪ੍ਰੀਵਾਰ ਦੀ ਸਾਂਝੀ ਜ਼ਿੰਮੇਵਾਰੀ ਨਾਲ ਸਮਝਿਆ ਜਾਵੇ ਤਾਂ ਕਿ ਉਨ੍ਹਾਂ ਨੂੰ ਸਫਲਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

ਅਮਰਜੀਤ ਸਿੰਘ ਤੂਰ
ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639

ਮੂਰਖ ਦਿਵਸ/ ਅਪ੍ਰੈਲ ਫੂਲ

ਦੋਸਤੋ ਆਪਾਂ ਭਾਰਤੀ ਸੱਭਿਅਤਾ ਨੂੰ ਭੁੱਲਦੇ ਜਾ ਰਹੇ ਹਾਂ ਤੇ ਆਪਣੇ ਉਤੇ ਦਿਨ-ਪਰ-ਦਿਨ ਪੱਛਮੀ ਸੱਭਿਅਤਾ ਭਾਰੂ ਹੁੰਦੀ ਜਾ ਰਹੀ ਹੈ। ਇਸ ਦੇ ਜਿੰਮੇਦਾਰ ਸ਼ਾਇਦ ਆਪਾਂ ਖੁਦ ਤੇ ਵਿੱਦਿਅਕ ਅਦਾਰੇ ਆਦਿ ਹਨ। ਜਿਵੇਂ ਕਿ ਆਪਾਂ ਜਾਂ ਆਪਣੇ ਬੱਚੇ 14 ਫਰਵਰੀ ਨੂੰ ਵੈਲੇਨਟਾਈਨ ਡੇਅ ਬੜੀ ਧੂਮਧਾਮ ਨਾਲ ਮਨਾਉਂਦੇ ਹਾਂ ਪਰ 14 ਫਰਵਰੀ ਵਾਲੇ ਦਿਨ ਨੂੰ ਭਾਰਤ ਸਰਕਾਰ ਵਲੋਂ ਬਲੈਕ ਡੇਅ ਘੋਸ਼ਿਤ ਕਰਨ ਦੇ ਇਤਿਹਾਸ ਨੂੰ ਯਾਦ ਨਹੀਂ ਕਰਦੇ। ਇਸੇ ਤਰਾਂ ਪੱਛਮੀ ਸੱਭਿਅਤਾ ਵਲੋਂ ਮਿਲਿਆ "ਮੂਰਖ ਦਿਵਸ" ਇੱਕ ਅਪ੍ਰੈਲ ਨੂੰ ਆਪਾਂ ਬੜੀ ਖੁਸ਼ੀ ਨਾਲ ਮਨਾਉਂਦੇ ਹਾਂ। ਜਦੋਂ ਕਿ ਭਾਰਤੀ ਸੱਭਿਅਤਾ ਵਿੱਚ ਇਸ ਦਾ ਕੋਈ ਸਥਾਨ ਨਹੀਂ ਹੈ। ਇਸ "ਮੂਰਖ ਦਿਵਸ" ਪਿਛੇ ਬੜੀ ਹੀ ਬੇਹੂਦਾ ਜਹੀ ਕਹਾਣੀ ਹੈ ਕਿ ਮੰਨਿਆ ਜਾਂਦਾ ਹੈ ਕਿ ਸਾਲ 1381 ਨੂੰ ਇੰਗਲੈਂਡ ਦੇ ਰਾਜੇ ਰੀਚਰਡ (ਦੂਸਰਾ) ਤੇ ਬੋਹੇਮਿਆ ਦੀ ਰਾਣੀ ਅਨੀ ਨੇ ਆਪਣੀ ਸਗਾਈ ਦਾ ਐਲਾਨ ਕੀਤਾ ਕਿ ਉਹਨਾਂ ਦੀ 32 ਮਾਰਚ 1381 ਨੂੰ ਸਗਾਈ ਹੋਵੇਗੀ। ਆਮ ਜਨਤਾ ਬਹੁਤ ਖੁਸ਼ ਹੋਈ ਤੇ ਖੁਸ਼ੀ ਵਿੱਚ ਜਸ਼ਨ ਮਨਾਉਣੇ ਸ਼ੁਰੂ ਕੀਤੇ। ਬਾਦ ਵਿੱਚ ਜਨਤਾ ਨੇ ਮਹਿਸੂਸ ਕੀਤਾ ਕਿ ਉਹ ਤਾਂ ਮੂਰਖ ਬਣ ਗਏ ਹਨ, ਕੈਲੰਡਰ ਵਿੱਚ ਤਾਂ 32 ਤਾਰੀਖ ਹੁੰਦੀ ਹੀ ਨਹੀਂ। ਉਦੋਂ ਤੋਂ ਹੀ 1 ਅਪ੍ਰੈਲ ਨੂੰ "ਮੂਰਖ ਦਿਵਸ" ਮਨਾਇਆ ਜਾਣ ਲੱਗਾ। ਭਾਰਤ ਵਿੱਚ ਮੂਰਖ ਦਿਵਸ ਦੀ ਸ਼ੁਰੂਆਤ 19 ਵੀਂ ਸਦੀ ਵਿੱਚ ਅੰਗਰੇਜਾਂ ਵਲੋਂ ਕੀਤੀ ਗਈ ਸੀ। ਇਸ ਤੋਂ ਇਲਾਵਾ ਆਪਣੇ ਜਾਂ ਅਜੋਕੀ ਪੀੜੀ ਤੇ ਪੱਛਮੀ ਸੱਭਿਅਤਾ ਇਸ ਕਦਰ ਭਾਰੂ ਹੈ ਕਿ ਆਪਾਂ ਨੂੰ ਆਪਣਾ ਇਤਿਹਾਸ ਵੀ ਚੇਤੇ ਨਹੀਂ। ਮੈ ਇਸ ਲਿਖਤ ਦੇ ਮਾਧਿਅਮ ਰਾਹੀ ਦੱਸਣਾ ਚਾਹੁੰਦਾ ਹਾਂ ਕਿ ਇਸੇ ਦਿਨ ਮਤਲਬ 1 ਅਪ੍ਰੈਲ ਵਾਲੇ ਦਿਨ ਸਿੱਖਾ ਦੇ ਨੋਵੇਂ ਗੁਰੂ ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਜਨਮ ਦਿਹਾੜਾ ਵੀ ਹੁੰਦਾ ਹੈ। ਇਸ ਤੋਂ ਇਲਾਵਾ 1 ਅਪ੍ਰੈਲ 1935 ਨੂੰ ਭਾਰਤੀਯ ਰਿਜਰਵ ਬੈਂਕ ਦੀ ਸਥਾਪਨਾ ਕੀਤੀ ਗਈ। 1 ਅਪ੍ਰੈਲ 1936 ਨੂੰ ਉੜੀਸਾ ਰਾਜ ਦੀ ਸਥਾਪਨਾ ਹੋਈ ਤੇ 1 ਅਪ੍ਰੈਲ 2004 ਵਿੱਚ ਗੂਗਲ ਨੇ ਜੀਮੇਲ (ਗਮਓਿਲ) ਦਾ ਵੀ ਐਲਾਨ ਕੀਤਾ। ਆਪਣੇ ਵਲੋਂ "ਮੂਰਖ ਦਿਵਸ" ਵਾਲੇ ਦਿਨ ਨੂੰ ਆਪਣੇ ਦੋਸਤ- ਮਿੱਤਰਾਂ, ਰਿਸ਼ਤੇਦਾਰਾਂ, ਅਧਿਆਪਕਾਂ, ਸਹਿ- ਕਰਮੀਆਂ ਆਦਿ ਨਾਲ ਮਜਾਕ ਕਰਕੇ ਮਨਾਇਆ ਜਾਂਦਾ ਹੈ, ਇਸ ਦਾ ਉਦੇਸ਼ ਭੋਲੇ-ਭਾਲੇ ਲੋਕਾਂ ਨੂੰ ਬੇਵਕੂਫ ਬਣਾ ਕੇ ਸ਼ਰਮਿੰਦਾ ਕਰਨਾ ਹੈ ਜੋ ਸਾਡੀ ਸੱਭਿਅਤਾ ਦੇ ਬਿਲਕੁੱਲ ਹੀ ਉਲਟ ਹੈ। ਮੇਰੇ ਖਿਆਲ ਅਨੁਸਾਰ ਇਹ ਸਾਰੀ ਉਪਰੋਕਤ ਜਾਣਕਾਰੀ ਭਾਰਤ ਦੇ ਹਰ ਨਾਗਰਿਕ ਖਾਸ ਕਰ ਅਜੋਕੀ ਪੀੜ੍ਹੀ ਨੂੰ ਜ਼ਰੂਰ ਹੋਣੀ ਚਾਹੀਦੀ ਹੈ। ਭਾਰਤ ਦਾ ਕੋਈ ਵੀ ਨਾਗਰਿਕ ਇਸ ਇਤਿਹਾਸਕ ਜਾਣਕਾਰੀ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ।

ਪਵਨ ਕੁਮਾਰ ਹੋਸ਼ੀ

ਸੁਭਾਅ ...

ਗੱਲ ਤਿੰਨ ਕੁ ਦਹਾਕੇ ਪੁਰਾਣੀ ਹੈ। ਮੇਰੇ ਪਿੰਡ ਦਾ ਇੱਕ ਬੰਦਾ ਆਪਣੀ ਨੌਕਰੀ ਤੋਂ ਨਵਾਂ-ਨਵਾਂ ਸੇਵਾਮੁਕਤ ਹੋਇਆ ਸੀ। ਹੁਣ ਤੱਕ ਘਰ ਦਾ ਸਾਰਾ ਕੰਮ-ਕਾਰ ਸਮੇਤ ਮੱਝਾਂ ਦੀਆਂ ਧਾਰਾਂ ਕੱਢਣ ਦਾ ਉਸ ਦੀ ਘਰਵਾਲੀ ਹੀ ਕਰਦੀ ਆ ਰਹੀ ਸੀ। ਇੱਕ ਦਿਨ ਉਹ ਸਵੇਰੇ ਉੱਠ ਕੇ ਘਰ ਦੇ ਮੂਹਰੇ ਹਵੇਲੀ ਵਿੱਚ ਮੱਝਾਂ ਦੀਆਂ ਧਾਰਾਂ ਕੱਢਣ ਗਿਆ। ਮੱਝ ਉਸ ਨੂੰ ਧਾਰ ਕੱਢਣ ਲਈ ਹੈਠਾਂ ਬੈਠਣ ਨਹੀਂ ਸੀ ਦੇ ਰਹੀ। ਮੱਝ ਹੈ ਵੀ ਕੁੱਝ ਜਿਆਦਾ ਹੀ ਕੋੜ ਸੀ। ਤੰਘ ਹੋ ਕਿ ਉਸ ਨੇ ਸੋਟਾ ਫੜਿਆ ਤੇ ਮੱਝ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਇਨ੍ਹੇ ਨੂੰ ਉਸ ਦੀ ਘਰਵਾਲੀ ਭੱਜੀ-ਭੱਜੀ ਹਵੇਲੀ ਆ ਗਈ। ਉਸ ਨੇ ਇਹ ਆਖ ਮੱਝ ਨੂੰ ਕਿਉਂ ਕੁੱਟਦੇ ਜੇ ਪਤੀ ਦੇ ਹੱਥੋਂ ਸੋਟਾ ਖੋਹਣ ਦੀ ਕੋਸ਼ਿਸ਼ ਕੀਤੀ। ਪਤੀ ਮੱਝ ਨਾਂ ਮਿਲਣ ਦੇ ਕਾਰਣ ਪਹਿਲਾਂ ਹੀ ਸਤਿਆ ਹੋਇਆ ਸੀ। ਪਤੀ ਜਿਹੜੇ ਸੋਟੇ ਨਾਲ ਪਹਿਲਾਂ ਮੱਝ ਨੂੰ ਕੁੱਟ ਰਿਹਾ ਸੀ ਹੁਣ ਉਹੀ ਸੋਟਾ ਉਸਨੇ ਘਰਵਾਲੀ ਨੂੰ ਫੇਰਨਾ ਸ਼ੁਰੂ ਕਰ ਦਿੱਤਾ। ਰੋਲਾ ਸੁਣ ਕੇ ਗਲੀ ਵਿਚੋਂ ਲੰਘ ਰਿਹਾ ਪਿੰਡ ਦਾ ਇੱਕ ਦੋਧੀ ਹਵੇਲੀ ਅੰਦਰ ਆ ਗਿਆ। ਦੋਧੀ ਨੇ ਉਸ ਨੂੰ ਕਿਹਾ ਭਰਾਵਾ ਭਾਭੀ ਨੂੰ ਕਿਉਂ ਮਾਰਦਾ ? ਉਸ ਬੰਦੇ ਨੂੰ ਗੁੱਸਾ ਇਨ੍ਹਾਂ ਚੜਿਆ ਹੋਇਆ ਸੀ ਹੁਣ ਉਸ ਨੇ ਸੋਟੇ ਦਾ ਮੂੰਹ ਉਸ ਦੋਧੀ ਵੱਲ ਨੂੰ ਮੋੜ ਦਿੱਤਾ ਅਤੇ ਕੁੱਝ ਕੁ ਸੋਟੇ ਵੱਜਣ ਉਪਰੰਤ ਹੀ ਦੋਧੀ ਨੇ ਹਵੇਲੀ ਵਿਚੋਂ ਬਾਹਰ ਨੂੰ ਭੱਜਣ ਵਿੱਚ ਹੀ ਭਲਾਈ ਸਮਝੀ। ਅਗਲੀ ਗੱਲ ਵੀ ਮੇਰੇ ਪਿੰਡ ਦੇ ਉਸ ਇਨਸਾਨ ਦੀ ਹੈ ਜਿਹੜਾ ਗੁੱਸੇ ਦਾ ਬੜਾ ਵੱਡਾ ਧਨੀ ਹੈ। ਇੱਕ ਦਿਨ ਉਨਾਂ ਦੋਹਾਂ ਜੀਆਂ ਦੀ ਆਪਸ ਵਿੱਚ ਕਿਸੇ ਗੱਲ ਨੂੰ ਲੈ ਕਿ ਸਵੇਰ ਦੀ ਤੂੰ-ਤੂੰ ਮੈਂ-ਮੈ ਚੱਲ ਰਹੀ ਸੀ। ਆਥਣ ਵੇਲੇ ਤੱਕ ਲੜਾਈ ਨੇ ਜੋਰ ਇਨ੍ਹਾਂ ਕੁ ਫੜ੍ਹ ਲਿਆ ਕੇ ਗੱਲ ਡਾਂਗ-ਸੋਟੇ ਤੱਕ ਆਣ ਪਹੁੰਚੀ। ਹੁਣ ਉਸ ਇਨਸਾਨ ਨੇ ਡਾਂਗਾਂ ਨਾਲ ਘਰਵਾਲੀ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਸ ਦੀ ਘਰਵਾਲੀ ਨੇ ਹੁਣ ਘਰੋਂ ਨਿਕਲ ਕੇ ਪਿੰਡ ਦੀ ਫਿਰਨੀ ਵੱਲ ਭੱਜਣਾ ਸ਼ੁਰੂ ਕਰ ਦਿੱਤਾ। ਘਰਵਾਲਾ ਉਸ ਦਾ ਉਸ ਦੇ ਪਿੱਛੇ ਡਾਂਗ ਲੈ ਕਿ ਲਗਾਤਾਰ ਭੱਜਦਾ ਆ ਰਿਹਾ ਸੀ। ਹੁਣ ਉਹ ਘਰਵਾਲੇ ਤੋਂ ਬੱਚਣ ਦੀ ਮਾਰੀ ਛੱਪੜ ਵਿੱਚ ਜਾ ਵੜੀ ਪਰ ਬਚਾਅ ਉਸ ਦਾ ਉਥੇ ਵੀ ਨਾਂ ਹੋਇਆ। ਘਰਵਾਲੇ ਨੇ ਉਸ ਦਾ ਪਿੱਛਾ ਕਰਕੇ ਛੱਪੜ ਵਿੱਚ ਵੜ ਕੇ ਉਸ ਦੀ ਬਾਂਹ ਉਤੇ ਡਾਂਗ ਬੜੇ ਜੋਰ ਨਾਲ ਮਾਰੀ ਜਿਸ ਨਾਲ ਉਸ ਦੀ ਬਾਂਹ ਟੁੱਟ ਗਈ। ਇਹ ਮੇਰੇ ਪਿੰਡ ਦੀਆਂ ਦੋਵੇਂ ਜੋੜੀਆਂ ਅਜੇ ਵੀ ਬਜੁਰਗ ਅਵੱਸਥਾ ਵਿੱਚ ਆਪਣਾ ਜੀਵਨ ਬਤਾ ਰਹੀਆ ਹਨ। ਪਰ ਹੁਣ ਵੀ ਜਦੋਂ ਕਿਤੇ ਮੇਰੀ ਨਜ਼ਰ ਇਨ੍ਹਾਂ ਵਿਚੋਂ ਕਿਸੇ ਇੱਕ ਜੋੜੀ ਉਪਰ ਪੈਂਦੀ ਹੈ ਤਾਂ ਮੈਂ ਇਨ੍ਹਾਂ ਦੇ ਬੀਤੇ ਸਮੇਂ ਨੂੰ ਯਾਦ ਕਰਦੇ ਇਕੱਲਾ ਹੱਸ ਪੈਂਦਾ ਹਾਂ।

ਲਖਵਿੰਦਰ ਸਿੰਘ ਗਿੱਲ
9855271004

ਅਪ੍ਰੈਲ: ਮੂਰਖਤਾ ਦਾ ਮਖੌਟਾ ਜਾਂ ਗਿਆਨ ਦਾ ਮਹਾ-ਉਤਸਵ?

ਕੁਦਰਤ ਦੇ ਕੈਲੰਡਰ 'ਤੇ ਅਪ੍ਰੈਲ ਦਾ ਮਹੀਨਾ ਕੋਈ ਸਾਧਾਰਨ ਪੰਨਾ ਨਹੀਂ, ਬਲਕਿ ਮਨੁੱਖੀ ਇਤਿਹਾਸ ਦੀ ਉਹ ਪਾਕ ਇਬਾਰਤ ਹੈ ਜਿਸ 'ਤੇ ਸਮੇਂ ਨੇ ਆਪਣੀਆਂ ਸਭ ਤੋਂ ਕੀਮਤੀ ਲਿਖਤਾਂ ਉੱਕਰੀਆਂ ਹਨ। ਕਿੰਨੀ ਅਜੀਬ ਤ੍ਰਾਸਦੀ ਹੈ ਕਿ ਜਿਸ ਮਹੀਨੇ ਦੀ ਪਹਿਲੀ ਕਿਰਨ 'ਤੇ ਦੁਨੀਆ 'ਮੂਰਖਤਾ' ਦਾ ਜਸ਼ਨ ਮਨਾਉਂਦੀ ਹੈ, ਉਸੀ ਮਹੀਨੇ ਦੀ ਕੁੱਖ ਵਿੱਚੋਂ ਅਜਿਹੇ ਸੂਰਜ ਪੈਦਾ ਹੋਏ ਜਿਨ੍ਹਾਂ ਨੇ ਮਨੁੱਖਤਾ ਦੇ ਅਗਿਆਨਤਾ ਭਰੇ ਅੰਧਕਾਰ ਨੂੰ ਸਦਾ ਲਈ ਮਿਟਾ ਦਿੱਤਾ। 1 ਅਪ੍ਰੈਲ ਨੂੰ 'ਫੂਲ' (ਢੋਲ) ਕਹਿ ਕੇ ਹੱਸਣ ਵਾਲਿਆਂ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਇਹ ਦਿਨ ਤਾਂ ਉਸ ਬੌਧਿਕ ਕ੍ਰਾਂਤੀ ਦਾ ਗਵਾਹ ਹੈ, ਜਿਸ ਨੇ ਸਮਾਜਿਕ ਅਤੇ ਆਰਥਿਕ ਨਿਜ਼ਾਮਾਂ ਦੀ ਨੀਂਹ ਰੱਖੀ।

ਗਿਆਨ ਦੇ ਸੂਰਜ, ਅਪ੍ਰੈਲ ਦੇ ਮਹਾਨਾਇਕ: ਜੇਕਰ ਅਸੀਂ ਇਤਿਹਾਸ ਦੇ ਝਰੋਖੇ ਵਿੱਚੋਂ ਦੇਖੀਏ, ਤਾਂ ਅਪ੍ਰੈਲ ਮਹਿਜ਼ ਦਿਨਾਂ ਦਾ ਸਮੂਹ ਨਹੀਂ, ਬਲਕਿ ਮਹਾਨ ਰੂਹਾਂ ਦਾ ਕਾਫ਼ਲਾ ਹੈ। ਇਸੇ ਮਹੀਨੇ ਦੀ 14 ਤਰੀਕ ਨੂੰ "ਭਾਰਤ ਰਤਨ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ" ਨੇ ਜਨਮ ਲਿਆ, ਇੱਕ ਅਜਿਹਾ ਮਾਨਵ ਜਿਸ ਨੇ ਸੰਵਿਧਾਨ ਦੀ ਕਲਮ ਨਾਲ ਕਰੋੜਾਂ ਲੋਕਾਂ ਦੀ ਕਿਸਮਤ ਬਦਲ ਦਿੱਤੀ। ਉਨ੍ਹਾਂ ਦੀ ਬੌਧਿਕਤਾ ਅੱਗੇ ਪੂਰੀ ਦੁਨੀਆ ਅੱਜ ਵੀ ਸਿਰ ਝੁਕਾਉਂਦੀ ਹੈ।

ਕਲਾ ਦੀ ਗੱਲ ਕਰੀਏ ਤਾਂ "ਲਿਓਨਾਰਡੋ ਦਾ ਵਿੰਚੀ" ਵਰਗਾ ਬਹੁ-ਪੱਖੀ ਪ੍ਰਤਿਭਾ ਦਾ ਮਾਲਕ ਅਤੇ "ਵਿਲੀਅਮ ਸ਼ੇਕਸਪੀਅਰ" ਵਰਗਾ ਸ਼ਬਦਾਂ ਦਾ ਜਾਦੂਗਰ ਇਸੇ ਮਹੀਨੇ ਦੀ ਦੇਣ ਹਨ। ਜੇ ਇੱਕ ਨੇ ਕੈਨਵਸ 'ਤੇ "ਮੋਨਾ ਲੀਸਾ" ਰਾਹੀਂ ਜੀਵਨ ਦੇ ਭੇਤ ਉੱਕਰੇ, ਤਾਂ ਦੂਜੇ ਨੇ ਨਾਟਕਾਂ ਰਾਹੀਂ ਮਨੁੱਖੀ ਮਨ ਦੀਆਂ ਗੁੰਝਲਾਂ ਨੂੰ ਪਰਿਭਾਸ਼ਿਤ ਕੀਤਾ। "ਚਾਰਲੀ ਚੈਪਲਿਨ" ਵਰਗਾ ਅਜ਼ੀਮ ਫ਼ਨਕਾਰ, ਜਿਸ ਨੇ ਦੁਨੀਆ ਦੇ ਹੰਝੂਆਂ ਨੂੰ ਹਾਸੇ ਵਿੱਚ ਬਦਲਣ ਦਾ ਹੁਨਰ ਸਿਖਾਇਆ, ਉਹ ਵੀ ਅਪ੍ਰੈਲ ਦੀ ਹੀ ਇੱਕ ਸੌਗਾਤ ਹੈ। ਪੰਜਾਬੀ ਸਾਹਿਤ ਦੇ ਵਿਹੜੇ ਵਿੱਚ "ਅਜੀਤ ਕੌਰ" ਅਤੇ "ਡਾ. ਸੁਰਜੀਤ ਪਾਤਰ" ਵਰਗੀਆਂ ਰੂਹਾਂ ਨੇ ਆਪਣੀ ਕਲਮ ਰਾਹੀਂ ਜੋ ਚਿਰਾਗ ਬਾਲੇ, ਉਹ ਸਾਨੂੰ ਮੂਰਖਤਾ ਤੋਂ ਮੁਕਤੀ ਦਿਵਾ ਕੇ ਚੇਤਨਾ ਦੇ ਮਾਰਗ 'ਤੇ ਤੋਰਦੇ ਹਨ।

ਰੂਹਾਨੀਅਤ ਅਤੇ ਸ਼ਹਾਦਤ ਦਾ ਸੰਗਮ: ਅਪ੍ਰੈਲ ਦਾ ਮਹੀਨਾ ਸਿਰਫ਼ ਜਨਮਾਂ ਦਾ ਹੀ ਨਹੀਂ, ਬਲਕਿ 'ਸਿਰਜਣਾ' ਦਾ ਮਹੀਨਾ ਹੈ। 13 ਅਪ੍ਰੈਲ 1699 ਨੂੰ "ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ" ਨੇ ਕੇਸਗੜ੍ਹ ਸਾਹਿਬ ਦੀ ਧਰਤੀ 'ਤੇ 'ਖ਼ਾਲਸੇ' ਦੀ ਸਿਰਜਣਾ ਕਰਕੇ ਮਨੁੱਖੀ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਹਮੇਸ਼ਾ ਲਈ ਤੋੜ ਦਿੱਤਾ। ਇਹ ਇੱਕ ਨਵੇਂ ਮਨੁੱਖ ਦਾ ਜਨਮ ਸੀ, ਜੋ ਨਿਡਰ ਸੀ ਅਤੇ ਨਿਆਉਂ ਦਾ ਪਹਿਰੇਦਾਰ ਸੀ।

ਪਰ ਇਹੀ ਮਹੀਨਾ ਸਾਡੀ ਕੌਮ ਦੀ ਸ਼ਹਾਦਤ ਦਾ ਗਵਾਹ ਵੀ ਹੈ। "ਜਲਿਆਂਵਾਲਾ ਬਾਗ" ਦੀ ਮਿੱਟੀ ਅੱਜ ਵੀ ਉਨ੍ਹਾਂ ਸ਼ਹੀਦਾਂ ਦੀ ਦਾਸਤਾਨ ਸੁਣਾਉਂਦੀ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਹਿੱਕਾਂ 'ਤੇ ਗੋਲੀਆਂ ਖਾਧੀਆਂ। ਅਪ੍ਰੈਲ ਦੀ ਹਵਾ ਵਿੱਚ ਜਿੱਥੇ ਫੁੱਲਾਂ ਦੀ ਮਹਿਕ ਹੈ, ਉੱਥੇ ਦੇਸ਼-ਭਗਤਾਂ ਦੇ ਖੂਨ ਦੀ ਉਹ ਲਾਲੀ ਵੀ ਹੈ ਜੋ ਸਾਨੂੰ ਹਰ ਪਲ ਜਗਾਉਂਦੀ ਰਹਿੰਦੀ ਹੈ।

ਕੁਦਰਤ ਦਾ ਸ਼ਾਹਕਾਰ. ਬਸੰਤ ਦਾ ਸਿਖਰ: ਅਪ੍ਰੈਲ ਕੁਦਰਤ ਦਾ ਉਹ ਸ਼ਾਹਕਾਰ ਹੈ ਜਿੱਥੇ ਧਰਤੀ ਆਪਣਾ ਪੂਰਾ ਸ਼ਿੰਗਾਰ ਕਰਦੀ ਹੈ। ਖੇਤਾਂ ਵਿੱਚ ਲਹਿਰਾਉਂਦੀ ਕਣਕ ਦੀ ਸੁਨਹਿਰੀ ਫ਼ਸਲ ਕਿਸਾਨ ਦੀ ਮਿਹਨਤ ਦਾ ਜਸ਼ਨ ਹੈ। ਇਹ ਮਹੀਨਾ 'ਰੀਸਾਈਕਲ' ਦਾ ਪ੍ਰਤੀਕ ਹੈ, ਪੁਰਾਣੇ ਪੱਤੇ ਝੜ ਜਾਂਦੇ ਹਨ ਅਤੇ ਨਵੀਂ ਕੋਮਲਤਾ ਜਨਮ ਲੈਂਦੀ ਹੈ। ਇਹ ਸਾਨੂੰ ਸਿਖਾਉਂਦਾ ਹੈ ਕਿ ਜੀਵਨ ਵਿੱਚ ਤਬਦੀਲੀ ਹੀ ਇੱਕੋ-ਇੱਕ ਸੱਚ ਹੈ।

ਮੂਰਖਤਾ ਤੋਂ ਮਹਾਨਤਾ ਵੱਲ: ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਅਪ੍ਰੈਲ ਨੂੰ 'ਮੂਰਖ ਦਿਵਸ' ਕਹਿਣਾ ਸਾਡੀ ਆਪਣੀ ਸੋਚ ਦੀ ਸੀਮਾ ਹੈ। ਜਿਸ ਮਹੀਨੇ ਵਿੱਚ "ਭਾਰਤੀ ਰਿਜ਼ਰਵ ਬੈਂਕ" ਵਰਗੀਆਂ ਸੰਸਥਾਵਾਂ ਦੀ ਨੀਂਹ ਰੱਖੀ ਗਈ ਹੋਵੇ, ਜਿੱਥੇ ਧਰਤੀ (ਓਓਰਟਹ ਧਓ) ਅਤੇ ਸਿਹਤ (ੋਰਲਦ ੂਏਲਟਹ ਧਓ) ਦੀ ਗੱਲ ਹੁੰਦੀ ਹੋਵੇ, ਉਹ ਮਹੀਨਾ ਮੂਰਖ ਕਿਵੇਂ ਹੋ ਸਕਦਾ ਹੈ?

1 ਅਪ੍ਰੈਲ ਨੂੰ ਮੂਰਖ ਬਣਨ ਦੀ ਬਜਾਏ, ਅਪ੍ਰੈਲ ਦੇ ਪੂਰੇ ਮਹੀਨੇ ਨੂੰ 'ਗਿਆਨ ਅਤੇ ਚੇਤਨਾ ਦਾ ਮਹੀਨਾ' ਮੰਨੀਏ। ਅਸੀਂ ਉਨ੍ਹਾਂ ਮਹਾਨਾਇਕਾਂ ਦੇ ਨਕਸ਼-ਏ-ਕਦਮਾਂ 'ਤੇ ਚੱਲੀਏ ਜਿਨ੍ਹਾਂ ਨੇ ਦੁਨੀਆ ਨੂੰ ਬਦਲਿਆ। ਅਪ੍ਰੈਲ ਸਾਨੂੰ ਸੁਨੇਹਾ ਦਿੰਦਾ ਹੈ ਕਿ "ਹੱਸਣਾ ਜ਼ਰੂਰੀ ਹੈ, ਪਰ ਮੂਰਖ ਬਣ ਕੇ ਨਹੀਂ, ਬਲਕਿ ਗਿਆਨਵਾਨ ਬਣ ਕੇ।" ਇਹ ਮਹੀਨਾ ਮਨੁੱਖਤਾ ਦੇ ਮੱਥੇ ਦਾ ਉਹ ਤਿਲਕ ਹੈ, ਜੋ ਸਾਨੂੰ ਅਗਿਆਨਤਾ ਦੀ ਨੀਂਦ ਤੋਂ ਜਗਾ ਕੇ ਵਿਕਾਸ ਦੇ ਸੂਰਜ ਵੱਲ ਲੈ ਕੇ ਜਾਂਦਾ ਹੈ।

ਜੇਕਰ ਤੁਸੀਂ ਇਸ ਲੇਖ ਨੂੰ ਪੜ੍ਹ ਕੇ ਅਪ੍ਰੈਲ ਦੀ ਗਹਿਰਾਈ ਨੂੰ ਮਹਿਸੂਸ ਕੀਤਾ ਹੈ, ਤਾਂ ਸਮਝੋ ਕਿ ਅੱਜ ਗਿਆਨ ਦਾ ਨਵਾਂ ਸੂਰਜ ਉੱਗ ਪਿਆ ਹੈ।

ਪ੍ਰੋ. ਪਵਨ ਖਿੱਚੀ, ਮਾਨਸਾ
ਮੋਬਾ. 9478160786

ਨਵਾਂ ਸੈਸ਼ਨ

(ਮਨਜੀਤ ਸਿੰਘ ਬੱਧਣ)

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥

ਧਰਤੀ ਉੱਪਰ ਵਿਚਰਨ ਵਾਲੇ ਜਾਨਵਰ, ਪੰਛੀ, ਹੋਰ ਜੀਵ ਜੰਤੂ ਅਤੇ ਇਨਸਾਨ ਕੁਦਰਤ ਦੀ ਕ੍ਰਿਤ ਹਨ। ਬਾਕੀਆਂ ਨਾਲੋਂ ਇਨਸਾਨ ਆਪਣੇ ਕਈ ਗੁਣਾਂ ਕਰ ਕੇ ਵਿਲੱਖਣ ਹੈ ਜਿਵੇਂ ਉਹ ਆਪਣੇ ਵਿਚਾਰ ਬੋਲ ਕੇ, ਲਿਖ ਕੇ ਹੋਰਨਾਂ ਤੱਕ ਪਹੁੰਚਾ ਸਕਦਾ ਹੈ। ਮਨੁੱਖ ਅਤੇ ਆਰਥਿਕਤਾ ਭਾਵ ਆਮਦਨ ਅਤੇ ਖਰਚ, ਦਾ ਪੁਰਾਣੇ ਸਮੇਂ ਤੋਂ ਹੀ ਨੇੜਲਾ ਸੰਬੰਧ ਹੈ। ਚੰਗੇ ਭਵਿੱਖ ਦੀ ਯੋਜਨਾ ਕਰਦੇ ਹੋਏ ਆਪਣੇ ਵਰਤਮਾਨ ਵਿੱਚ ਇਸ ਤਰੀਕੇ ਨਾਲ ਵਿਚਰਿਆ ਜਾਂਦਾ ਹੈ ਕਿ ਸਾਡਾ ਅਤੇ ਪਰਿਵਾਰ ਦਾ ਭਵਿੱਖ ਚੰਗਾ ਹੋਵੇ। ਮੌਜੂਦਾ ਸਮੇਂ ਦੀਆਂ ਸੁੱਖ-ਸੁਵਿਧਾਵਾਂ ਵੀ ਆਮਦਨ ਅਤੇ ਖ਼ਰਚ ਉੱਪਰ ਪੂਰੀ ਤਰ੍ਹਾਂ ਨਿਰਭਰ ਹੁੰਦੀਆਂ ਹਨ। ਚੰਗੇ ਜਾਂ ਮਾੜੇ ਸਮਾਜਿਕ ਜੀਵਨ ਵਿੱਚ ਸਿੱਖਿਆ ਦਾ ਬਹੁਤ ਹੀ ਮਹੱਤਵ ਹੁੰਦਾ ਹੈ। ਜੋ ਇਨਸਾਨ ਸਮੇਂ ਰਹਿੰਦੇ ਸਿੱਖਿਆ ਪ੍ਰਾਪਤ ਨਹੀਂ ਕਰ ਪਾਉਂਦੇ ਉਹਨਾਂ ਦਾ ਜੀਵਨ ਕਈ ਪ੍ਰਕਾਰ ਦੀਆਂ ਤੰਗੀਆਂ-ਤਰੁਸ਼ੀਆਂ ਵਿੱਚੋਂ ਨਿੱਕਲਦੇ ਹਨ। ਇੱਕ ਪੜ੍ਹਿਆ ਲਿਖਿਆ ਇਨਸਾਨ ਚੰਗਾ ਜੀਵਨ ਜਿਉਂਦੇ ਹੋਏ ਆਪਣੇ ਪਰਿਵਾਰ ਨੂੰ ਸਹੀ ਸਿੱਖਿਆ ਦੇਣ ਅਤੇ ਹੋਰ ਬੁਨਿਆਦੀ ਲੋੜਾਂ ਪੂਰੀਆਂ ਕਰਨ ਦੇ ਕਾਬਲ ਹੋ ਜਾਂਦਾ ਹੈ। ਇਸ ਨੇ ਮਨੁੱਖ ਨੂੰ ਹੋਰ ਜੀਵ ਜੰਤੂਆਂ ਤੋਂ ਅਲੱਗ ਅਤੇ ਬਿਹਤਰ ਕੀਤਾ ਹੋਇਆ ਹੈ।

ਕਿਸੇ ਵੀ ਰਾਜ ਦਾ ਪਹਿਲਾ ਕਰਤਵ ਆਪਣੇ ਨਾਗਰਿਕਾਂ ਨੂੰ ਚੰਗੀ ਸਿਹਤ ਅਤੇ ਚੰਗੀ ਸਿੱਖਿਆ ਪ੍ਰਦਾਨ ਕਰਨਾ ਹੁੰਦਾ ਹੈ। ਸਿੱਖਿਆ ਦਾ ਉਦੇਸ਼ ਵਿਦਿਆਰਥੀ ਨੂੰ ਹਨੇਰੇ ਤੋਂ ਚਾਨਣ ਵੱਲ ਲੈ ਜਾਣਾ ਹੁੰਦਾ ਹੈ। ਪੰਜਾਬ ਵਿੱਚ ਬੱਚਿਆਂ ਨੂੰ ਸਿੱਖਿਅਤ ਕਰਨ ਲਈ ਕਈ ਪ੍ਰਕਾਰ ਦੇ ਉਪਰਾਲੇ ਸਰਕਾਰੀ, ਅਰਧ-ਸਰਕਾਰੀ ਅਤੇ ਪ੍ਰਾਈਵੇਟ ਸਿੱਖਿਆ ਸੰਸਥਾਵਾਂ ਰਾਹੀਂ ਕੀਤੇ ਜਾ ਰਹੇ ਹਨ। ਜੇਕਰ ਸਰਕਾਰੀ ਸਕੂਲਾਂ ਦੇ ਬੱਚਿਆਂ ਦੇ ਪੜ੍ਹਾਈ ਦਾ ਜ਼ਿਕਰ ਕੀਤਾ ਜਾਵੇ ਤਾਂ ਪੰਜਾਬ ਵਿੱਚ ਵੱਖ-ਵੱਖ ਸਕੀਮਾਂ ਰਾਹੀਂ ਵਿਦਿਆਰਥੀਆਂ ਨੂੰ ਕੁਝ ਸਹੂਲਤਾਂਵਾਂ ਦਿੱਤੀਆਂ ਜਾ ਰਹੀਆਂ ਹਨ ਜਿਵੇਂ ਅੱਠਵੀਂ ਤੱਕ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਅਧਿਕਾਰ ਤਹਿਤ ਮੁਫ਼ਤ ਅਤੇ ਲਾਜ਼ਮੀ ਸਕੂਲੀ ਸਿੱਖਿਆ, ਦੁਪਹਿਰ ਦਾ ਭੋਜਨ ਜਿਸ ਨੂੰ ਕਿ ਮਿਡ-ਡੇਅ-ਮੀਲ ਕਿਹਾ ਜਾਂਦਾ ਹੈ, ਅੱਠਵੀਂ ਪੱਧਰ ਤੱਕ ਦੇ ਵਿਦਿਆਰਥੀਆਂ ਨੂੰ ਮੁਫਤ ਵਰਦੀ, ਪਹਿਲੀ ਤੋਂ ਬਾਰਵੀਂ ਤੱਕ ਦੇ ਵਿਦਿਆਰਥੀਆਂ ਨੂੰ ਮੁਫ਼ਤ ਕਿਤਾਬਾਂ, ਅਨੁਸੂਚਿਤ ਜਾਤੀ ਅਤੇ ਪਛੜੀ ਸ਼੍ਰੇਣੀ ਨਾਲ ਸੰਬੰਧਿਤ ਵਿਦਿਆਰਥੀਆਂ ਨੂੰ ਵਜ਼ੀਫੇ ਵਿਤਰਿਤ ਕੀਤੇ ਜਾਂਦੇ ਹਨ। ਵਿੱਦਿਅਕ, ਖੇਡਾਂ ਦੇ ਖੇਤਰ ਅਤੇ ਮੁਕਾਬਲਾ ਪ੍ਰੀਖਿਆਵਾਂ ਵਿੱਚ ਚੰਗੀ ਕਾਰਗੁਜ਼ਾਰੀ ਵਾਲੇ ਵਿਦਿਆਰਥੀਆਂ ਨੂੰ ਵਜ਼ੀਫੇ ਹਨ। ਇਸ ਦੇ ਇਲਾਵਾ ਹੋਰ ਵੀ ਬਹੁਤ ਕੁਝ ਵਿਦਿਆਰਥੀਆਂ ਲਈ ਸਰਕਾਰੀ ਪੱਧਰ 'ਤੇ ਪ੍ਰਬੰਧ ਕੀਤੇ ਜਾਂਦੇ ਰਹਿੰਦੇ ਹਨ। ਨਵਾਂ ਸੈਸ਼ਨ ਆਰੰਭ ਹੋਣ ਜਾ ਰਿਹਾ ਹੈ। ਸਕੂਲ ਸਿੱਖਿਆ ਪ੍ਰਣਾਲੀ ਵਿੱਚ ਵਿਦਿਆਰਥੀਆਂ ਦੇ ਭਲੇ ਲਈ ਹੋਰ ਕਈ ਉਪਰਾਲੇ ਜਾਂ ਬਦਲਾਵ ਕੀਤੇ ਜਾ ਸਕਦੇ ਹਨ। ਭਾਰਤ ਇੱਕ ਲੋਕ ਤਾਂਤਰਿਕ ਦੇਸ਼ ਹੈ। ਸਮੇਂ-ਸਮੇਂ ਸਿਰ ਕਈ ਪ੍ਰਕਾਰ ਦੀਆਂ ਚੋਣਾਂ ਆਪਣੇ ਦੇਸ਼ ਵਿੱਚ ਸੰਵਿਧਾਨ ਅਨੁਸਾਰ ਹੁੰਦੀਆਂ ਰਹਿੰਦੀਆਂ ਹਨ। ਇਸ ਦੇ ਨਾਲ ਹੀ ਬੱਚਿਆਂ ਨੂੰ ਸਿੱਖਿਆ ਦਾ ਅਧਿਕਾਰ ਵੀ ਮਿਲਿਆ ਹੋਇਆ ਹੈ। ਅਧਿਆਪਕਾਂ ਕੋਲੋਂ ਗੈਰ ਵਿੱਦਿਅਕ ਕੰਮ ਨਹੀਂ ਲਿਆ ਜਾਣਾ ਚਾਹੀਦਾ ਪਰ ਵੋਟਾਂ ਦੀ ਡਿਊਟੀ ਦੇ ਨਾਲ-ਨਾਲ ਜਨਗਣਨਾ ਅਤੇ ਹੋਰ ਸਰਵੇਖਣਾਂ ਵਿੱਚ ਅਧਿਆਪਕਾਂ ਦੀ ਲੰਬੇ ਸਮੇਂ ਤੱਕ ਡਿਊਟੀ ਲਗਾ ਦਿੱਤੀ ਜਾਂਦੀ ਹੈ। ਇਸ ਨਾਲ ਸਿੱਧੇ ਤੌਰ 'ਤੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੁੰਦਾ ਹੈ। ਜੇ ਲੇੜ ਹੈ ਤਾਂ ਅਧਿਆਪਕਾਂ ਦੀ ਡਿਊਟੀ ਸਿਰਫ ਵੋਟਾਂ ਵਾਲੇ ਦਿਨ ਹੀ ਹੋਣੀ ਚਾਹੀਦੀ ਹੈ। ਲੰਬੇ ਸਮੇਂ ਦੀ ਡਿਊਟੀ ਲਈ ਹੋਰ ਵਿਭਾਗਾਂ ਦੇ ਕਰਮਚਾਰੀ ਲਗਾਏ ਜਾ ਸਕਦੇ ਹਨ। ਇਸ ਤਰ੍ਹਾਂ ਦੇ ਕਾਰਜ ਲਈ ਪੜ੍ਹੇ-ਲਿਖੇ ਬੇਰੁਜ਼ਗਾਰਾਂ ਨੂੰ ਵੀ ਕੰਮ ਕਰਨ ਦਾ ਮੌਕਾ ਦਿੱਤਾ ਜਾ ਸਕਦਾ ਹੈ। ਵਧੀਆ ਹੋਵੇ ਜੇ ਇਸ ਤਰ੍ਹਾਂ ਦੇ ਕਾਰਜ ਲਈ ਇੱਕ ਵੱਖਰਾ ਵਿਭਾਗ ਤਿਆਰ ਕਰ ਲਿਆ ਜਾਵੇ ਜਿਸ ਨਾਲ ਨੌਜਵਾਨਾਂ ਨੂੰ ਰੁਜ਼ਗਾਰ ਵੀ ਮਿਲ ਸਕਦੀ ਹੈ। ਪਿਛਲੇ ਸਾਲ ਵੇਖਣ ਵਿੱਚ ਆਇਆ ਕਿ ਕੁਝ-ਕੁਝ ਅਰਸੇ ਬਾਅਦ ਵਿਦਿਆਰਥੀਆਂ ਦੇ ਪੇਪਰ ਲਏ ਜਾ ਰਹੇ ਹਨ। ਵਿਦਿਆਰਥੀਆਂ ਨੂੰ ਪੇਪਰਾਂ ਲਈ ਹੀ ਤਿਆਰ ਕੀਤਾ ਜਾਂਦਾ ਹੈ ਪਰ ਇਹ ਵਧੀਆ ਹੋਵੇਗਾ ਕਿ ਵਿਸ਼ਾ-ਅਧਿਆਪਕ ਆਪਣੇ ਪੱਧਰ 'ਤੇ ਟੈਸਟ ਲੈ ਲਿਆ ਕਰਨ। ਕਿਸੇ ਸਮੇਂ ਛਿਮਾਹੀ, ਨੌ-ਮਾਹੀ ਅਤੇ ਸਲਾਨਾ ਪ੍ਰੀਖਿਆਵਾਂ ਹੀ ਹੁੰਦੀਆਂ ਸਨ। ਇਸ ਨਾਲ ਵਿਦਿਆਰਥੀਆਂ ਨੂੰ ਪੜ੍ਹਾਈ ਕਰਨ ਅਤੇ ਮੁਕੰਮਲ ਤਿਆਰੀ ਕਰਨ ਦਾ ਪੂਰਾ ਸਮਾਂ ਮਿਲ ਜਾਂਦਾ ਸੀ। ਸਲਾਨਾ ਪ੍ਰੀਖਿਆਵਾਂ ਦੇ ਬਿਲਕੁਲ ਨੇੜੇ ਪ੍ਰੀ-ਬੋਰਡ ਪ੍ਰੀਖਿਆਵਾਂ ਸ਼ੁਰੂ ਹੋ ਜਾਂਦੀਆਂ ਹਨ। ਜਿਸ ਸਮੇਂ ਪ੍ਰੀ ਬੋਰਡ ਪ੍ਰੀਖਿਆਵਾਂ ਹੋ ਰਹੀਆਂ ਹੁੰਦੀਆਂ ਹਨ ਉਹ ਸਮਾਂ ਤਾਂ ਪੂਰੀ ਤਰ੍ਹਾਂ ਦੁਹਰਾਈ ਦਾ ਹੁੰਦਾ ਹੈ। ਨਵੰਬਰ/ਦਸੰਬਰ ਮਹੀਨੇ ਵਿੱਚ ਉੱਪਰ ਲਿਖੇ ਅਨੁਸਾਰ ਨੌ-ਮਾਹੀ (ਕਹਿ ਲਵੋ ਪ੍ਰੀ-ਬੋਰਡ ਪ੍ਰੀਖਿਆ) ਹੋ ਜਾਵੇ ਅਤੇ ਵਿਦਿਆਰਥੀਆਂ ਦੇ ਮਾਪਿਆਂ ਨਾਲ ਪੀ.ਟੀ .ਐਮ. ਵੀ ਦਸੰਬਰ ਮਹੀਨੇ ਦੀਆਂ ਛੁੱਟੀਆਂ ਤੋਂ ਪਹਿਲਾਂ ਕੀਤੀ ਜਾ ਸਕਦੀ ਹੈ। ਜਨਵਰੀ-ਫਰਵਰੀ ਦਾ ਸਮਾਂ ਦੁਹਰਾਈ ਲਈ ਹੀ ਹੋਣਾ ਚਾਹੀਦਾ ਹੈ। ਜੇਕਰ ਕਿਸੇ ਵਿਦਿਆਰਥੀ ਦੇ ਮਨ ਵਿੱਚ ਆਪਣੇ ਵਿਸ਼ੇ ਦੇ ਕਿਸੇ ਖਾਸ ਪੱਖ ਬਾਰੇ ਕੋਈ ਸਮੱਸਿਆ ਹੈ ਜਾਂ ਜਾਣਕਾਰੀ ਦੀ ਕਮੀ ਹੈ ਤਾਂ ਉਹ ਆਪਣੇ ਵਿਸ਼ਾ-ਅਧਿਆਪਕ ਤੋਂ ਇਸ ਸਮੇਂ ਦੌਰਾਨ ਸਮਝ ਸਕਦਾ ਹੈ। ਮੈਂ ਸਮਝਦਾ ਹਾਂ ਕਿ ਪੇਪਰਾਂ ਤੋਂ ਬਿਲਕੁਲ ਪਹਿਲਾਂ ਪ੍ਰੀ-ਬੋਰਡ ਪ੍ਰੀਖਿਆ ਨਹੀਂ ਹੋਣੀ ਚਾਹੀਦੀ ਸਗੋਂ ਵਿਸ਼ਾ-ਅਧਿਆਪਕ ਆਪਣੇ ਪੱਧਰ 'ਤੇ ਟੈਸਟ ਜਾਂ ਪ੍ਰੀਖਿਆਵਾਂ ਲੈਂਦਾ ਰਹੇ ਅਤੇ ਵਿਦਿਆਰਥੀਆਂ ਦੇ ਸ਼ੰਕਿਆਂ ਦਾ ਨਿਪਟਾਰਾ ਵੀ ਕਰਦਾ ਰਹੇ। ਵਿਦਿਆਰਥੀਆਂ ਨੂੰ ਉਹਨਾਂ ਦੀਆਂ ਗ਼ਲਤੀਆਂ ਹੋਰ ਵਧੀਆ ਕਾਰਗੁਜ਼ਾਰੀ ਦੀਆਂ ਸੰਭਾਵਨਾਵਾਂ ਬਾਰੇ ਵਿਸਥਾਰ ਵਿੱਚ ਜਾਣੂ ਕਰਵਾਉਂਦਾ ਰਹੇ। ਖੇਡਾਂ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ। ਸਕੂਲ ਪੱਧਰ ਤੋਂ ਕਿਸੇ ਚੰਗੇ ਡੀ.ਪੀ. ਅਧਿਆਪਕ, ਪੀ.ਟੀ. ਅਧਿਆਪਕ ਅਤੇ ਕੋਚਾਂ ਸਹਿਬਾਨ ਤੋਂ ਚੰਡੇ ਹੋਏ ਖਿਡਾਰੀ ਖੇਡ ਦੇ ਖੇਤਰ ਵਿੱਚ ਵਧੀਆ ਪ੍ਰਾਪਤੀਆਂ ਕਰ ਸਕਦੇ ਹਨ। ਕਈ ਵਾਰ ਸਕੂਲ ਵਿੱਚ ਪ੍ਰੀਖਿਆਵਾਂ ਹੋ ਰਹੀਆਂ ਹੁੰਦੀਆਂ ਹਨ ਅਤੇ ਨਾਲ ਦੀ ਨਾਲ ਖੇਡਾਂ ਦਾ ਪ੍ਰੋਗਰਾਮ ਵੀ ਵਿਭਾਗ ਵੱਲੋਂ ਮਿਥਿਆ ਹੋਇਆ ਹੁੰਦਾ ਹੈ। ਸਾਡੇ ਖਿਡਾਰੀ ਵਡਿਆਈ ਦੇ ਪਾਤਰ ਹਨ ਜੋ ਕਿ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਤਨ-ਦੇਹੀ ਨਾਲ ਮਿਹਨਤ ਕਰਦੇ ਹਨ। ਜਦੋਂ ਇਹ ਵਿਦਿਆਰਥੀ ਆਪਣੇ ਜਿਲ੍ਹੇ ਤੋਂ ਕਿਤੇ ਹੋਰ ਖੇਡਣ ਜਾਂਦੇ ਹਨ ਤਾਂ ਇਹਨਾਂ ਦੀ ਰਹਾਇਸ਼ ਅਤੇ ਖੁਰਾਕ ਦਾ ਵਧੀਆ ਅਤੇ ਢੁਕਵਾਂ ਪ੍ਰਬੰਧ ਹੋਣਾ ਚਾਹੀਦਾ ਹੈ। ਵੇਖਣ ਵਿੱਚ ਆਉਂਦਾ ਹੈ ਕਿ ਜਿਨਾਂ ਸਕੂਲਾਂ ਵਿੱਚ ਬਾਹਰੋਂ ਆਏ ਖਿਡਾਰੀਆਂ ਨੂੰ ਠਹਿਰਾਇਆ ਜਾਂਦਾ ਹੈ ਉਹਨਾਂ ਸਕੂਲਾਂ ਵਿੱਚ ਯੋਗ ਪ੍ਰਬੰਧ ਦੀ ਕਈ ਵਾਰ ਕਮੀ ਹੁੰਦੀ ਹੈ। ਵੈਸੇ ਖੇਡਾਂ ਪੰਜਾਬ ਦੇ ਖੇਡ ਵਿਭਾਗ ਦੇ ਅੰਤਰਗਤ ਹੀ ਹੋਣੀਆਂ ਚਾਹੀਦੀਆਂ ਹਨ ਅਤੇ ਦੇਸ਼ ਦੇ ਹੋਰ ਖਿਡਾਰੀਆਂ ਵਾਂਗ ਇਹਨਾਂ ਸਕੂਲੀ ਖਿਡਾਰੀਆਂ ਲਈ ਵੀ ਰਹਿਣ ਦਾ ਢੁੱਕਵਾਂ ਪ੍ਰਬੰਧ ਕਿਸੇ ਕਾਲਜ/ਯੂਨੀਵਰਸਿਟੀ ਦੇ ਹੋਸਟਲ ਜਾਂ ਕਿਸੇ ਸ਼ਹਿਰ/ਕਸਬੇ ਦੇ ਹੋਟਲ ਵਿੱਚ ਹੋਣਾ ਚਾਹੀਦਾ ਹੈ। ਇਸ ਨਾਲ ਉਹਨਾਂ ਸਕੂਲਾਂ ਨੂੰ ਕੋਈ ਸਮੱਸਿਆ ਨਹੀਂ ਆਵੇਗੀ ਜਿਨਾਂ ਵਿੱਚ ਖਿਡਾਰੀਆਂ ਦੇ ਰਹਿਣ ਦਾ ਪ੍ਰਬੰਧ ਕੀਤਾ ਗਿਆ ਹੁੰਦਾ ਹੈ। ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ। ਸਿੱਖਿਆ ਦੇ ਖੇਤਰ ਵਿੱਚ ਵੀ ਨਵੀਂ ਕ੍ਰਾਂਤੀ, ਨਵੀਆਂ ਤਕਨੀਕਾਂ ਆ ਰਹੀਆਂ ਹਨ। ਅਧਿਆਪਕਾਂ ਨੂੰ ਇਸ ਬਾਰੇ ਜਾਣੂ ਕਰਵਾਇਆ ਜਾਣਾ ਜ਼ਰੂਰੀ ਹੁੰਦਾ ਹੈ। ਇਸ ਦੇ ਲਈ ਅਧਿਆਪਕਾਂ ਦੇ ਸਮੇਂ-ਸਮੇਂ ਸਿਰ ਸਿੱਖਿਆ ਵਿਭਾਗ ਵੱਲੋਂ ਸੈਮੀਨਾਰ ਲਗਾਏ ਜਾਂਦੇ ਹਨ ਪਰ ਇਹ ਸੈਮੀਨਾਰ ਨਵੇਂ ਸੈਸ਼ਨ ਦੇ ਆਰੰਭਕ ਦਿਨਾਂ ਵਿੱਚ ਹੀ ਲੱਗ ਜਾਣੇ ਚਾਹੀਦੇ ਹਨ। ਸੈਮੀਨਾਰ ਵਿੱਚ ਜੋ ਅਧਿਆਪਨ ਤਕਨੀਕਾਂ ਅਧਿਆਪਕਾਂ ਨੇ ਸਿੱਖੀਆਂ ਹੁੰਦੀਆਂ ਹਨ, ਨੂੰ ਉਹ ਅਧਿਆਪਕ ਆਪਣੇ ਸ਼੍ਰੇਣੀ ਦੇ ਬੱਚਿਆਂ ਉੱਪਰ ਲਾਗੂ ਕਰ ਕੇ ਉਹਨਾਂ ਨੂੰ ਬਿਹਤਰ ਢੰਗ ਨਾਲ ਸਿੱਖਿਆ ਪ੍ਰਦਾਨ ਕਰ ਸਕਦੇ ਹਨ। ਪਰ ਵਧੇਰੇ ਕਰ ਕੇ ਇਹ ਸੈਮੀਨਾਰ ਪੰਜਾਬ ਦੇ ਸਕੂਲਾਂ ਵਿੱਚ ਸੈਸ਼ਨ ਦੇ ਅੰਤ ਵਿੱਚ ਲਗਾਏ ਜਾ ਰਹੇ ਹਨ। ਇਹਨਾਂ ਦਾ ਪ੍ਰਤੱਖ ਲਾਭ ਉਸ ਸਮੇਂ ਸਲਾਨਾ ਪ੍ਰੀਖਿਆ ਦੇ ਰਹੇ ਵਿਦਿਆਰਥੀਆਂ ਨੂੰ ਨਹੀਂ ਹੁੰਦਾ ਹੈ। ਇੱਥੇ ਇੱਕ ਗੱਲ ਹੋਰ ਵੀ ਹੈ ਕਿ ਸੈਮੀਨਾਰ ਕਈ ਵਾਰ ਸਕੂਲਾਂ ਦੇ ਹੀ ਕਮਰਿਆਂ ਜਾਂ ਹਾਲ ਵਿੱਚ ਲਗਾਏ ਜਾਂਦੇ ਹਨ। ਇਸ ਨਾਲ ਉਸ ਸਕੂਲ ਦੇ ਅਧਿਆਪਨ-ਕਾਰਜ ਵਿੱਚ ਕੁਝ ਰੁਕਾਵਟ ਆਉਣ ਦੀ ਸੰਭਾਵਨਾ ਰਹਿੰਦੀ ਹੈ। ਪੰਜਾਬ ਦੇ ਲਗਭਗ ਹਰੇਕ ਜ਼ਿਲ੍ਹੇ ਵਿੱਚ 'ਇਨ ਸਰਵਿਸ ਟ੍ਰੇਨਿੰਗ ਸੈਂਟਰਾਂ' ਦੀਆਂ ਬਿਲਡਿੰਗਾਂ ਹਨ। ਇਹ ਟਰੇਨਿੰਗ ਸੈਂਟਰ ਕਰਮਚਾਰੀਆਂ ਨੂੰ ਨੌਕਰੀ ਦੌਰਾਨ ਸਿਖਲਾਈ ਦੇਣ ਲਈ ਹੀ ਉਸਾਰੇ ਗਏ ਸਨ। ਮੀਡੀਆ ਅਤੇ ਪ੍ਰਿੰਟ ਮੀਡੀਆ ਰਾਹੀਂ ਖ਼ਬਰਾਂ ਆ ਰਹੀਆਂ ਹਨ ਕਿ ਪੰਜਾਬ ਦੇ ਵੱਡੀ ਗਿਣਤੀ ਵਿੱਚ ਸਕੂਲ ਅਜਿਹੇ ਹਨ ਜਿਨਾਂ ਵਿੱਚ ਪ੍ਰਿੰਸੀਪਲ ਨਹੀਂ ਹਨ। ਇਹ ਇੱਕ ਗੰਭੀਰ ਮੁੱਦਾ ਹੈ। ਕਿਸੇ ਵੀ ਸੰਸਥਾ ਦੇ ਸੁਚਾਰੂ ਢੰਗ ਨਾਲ ਸੰਚਾਲਨ ਲਈ ਉਹ ਸੰਸਥਾ ਦਾ ਮੁਖੀ ਇੱਕ ਮੁੱਖ ਧੁਰਾ ਹੁੰਦਾ ਹੈ। ਜੇਕਰ ਸਕੂਲ ਵਿੱਚ ਪ੍ਰਿੰਸੀਪਲ ਨਹੀਂ ਹੈ ਤਾਂ ਬਹੁਤ ਸਾਰੇ ਪ੍ਰਬੰਧਕੀ ਕਾਰਜ ਪ੍ਰਭਾਵਿਤ ਹੁੰਦੇ ਹਨ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਵੀ ਇਸ ਤੋਂ ਅਛੂਤੀ ਨਹੀਂ। ਮੈਂ ਆਪਣੇ ਵਿਚਾਰਾਂ ਰਾਹੀਂ ਪੰਜਾਬ ਸਰਕਾਰ ਤੱਕ ਅਪੀਲ ਕਰਨੀ ਚਾਹੁੰਦਾ ਹਾਂ ਕਿ ਨਵੇਂ ਸੈਸ਼ਨ ਦੇ ਸ਼ੁਰੂਆਤ ਤੋਂ ਪਹਿਲਾਂ ਜਿਸ ਕਿਸੇ ਸਕੂਲ ਵਿੱਚ ਪ੍ਰਿੰਸੀਪਲ, ਹੈਡ ਮਾਸਟਰ ਜਾਂ ਅਧਿਆਪਕਾਂ ਦੀ ਕਮੀ ਹੈ ਤਾਂ ਉਸ ਨੂੰ ਜਰੂਰ ਪੂਰਾ ਕਰੇ। ਕਿਹਾ ਜਾਂਦਾ ਹੈ ਕਿ ਮਾਂ ਬੋਲੀ ਭੁੱਲ ਜਾਵੋਗੇ ਤਾਂ ਕੱਖਾਂ ਵਾਂਗ ਰੁਲ ਜਾਵੋਗੇ। ਪੰਜਾਬ ਵਿੱਚ ਜੋ ਪ੍ਰੀਖਿਆਵਾਂ ਦੌਰਾਨ ਪ੍ਰਸ਼ਨ ਪੱਤਰ ਦੀ ਰੂਪ ਰੇਖਾ ਅਪਣਾਈ ਗਈ ਹੈ ਉਸ ਨੂੰ ਵੇਖਣ ਤੋਂ ਅੰਦਾਜ਼ਾ ਲੱਗਦਾ ਹੈ ਕਿ ਸਿੱਖਿਆ ਦਾ ਉਦੇਸ਼ ਕੇਵਲ ਬੱਚਿਆਂ ਨੂੰ ਪਾਸ ਕਰਾ ਦੇਣਾ ਮਾਤਰ ਹੀ ਰਹਿ ਗਿਆ ਹੈ। ਪ੍ਰਸ਼ਨ-ਪੱਤਰ ਇਸ ਪ੍ਰਕਾਰ ਤਿਆਰ ਕੀਤੇ ਜਾ ਰਹੇ ਹਨ ਕਿ ਵਿਦਿਆਰਥੀਆਂ ਦੇ ਸਾਹਮਣੇ ਵਿਕਲਪ ਦੇ ਰੂਪ ਵਿੱਚ ਉੱਤਰ ਹੁੰਦੇ ਹਨ। ਉਹਨਾਂ ਵਿੱਚੋਂ ਕੋਈ ਇੱਕ ਉੱਤਰ ਠੀਕ ਹੁੰਦਾ ਹੈ ਤਾਂ ਉਸ ਨੂੰ ਪਛਾਣਦੇ ਹੋਏ ਵਿਦਿਆਰਥੀ ਨੇ ਚੁਣ ਕੇ ਉਸ ਦਾ ਨੰਬਰ ਹੀ ਲਿਖ ਦੇਣਾ ਹੁੰਦਾ ਹੈ। ਇਸ ਨੂੰ ਵਸਤੂ ਨਿਸ਼ਠ ਪ੍ਰਸ਼ਨ ਜਾਂ ਅਬਜੈਕਟਿਵ ਟਾਈਪ ਪ੍ਰਸ਼ਨ ਕਹਿ ਦਿੱਤਾ ਜਾਂਦਾ ਹੈ। ਜੇਕਰ ਅਜਿਹੇ ਪ੍ਰਸ਼ਨ ਪਾਉਣੇ ਹਨ ਤਾਂ ਇਹ ਵੀ ਕੀਤਾ ਜਾ ਸਕਦਾ ਹੈ ਕਿ ਵਿਦਿਆਰਥੀਆਂ ਨੂੰ ਸਹੀ ਉੱਤਰ ਦਾ ਨੰਬਰ ਦਰਸਾਉਣ ਦੀ ਜ਼ਗ੍ਹਾ ਜੋ ਸਹੀ ਉੱਤਰ ਬਣਦਾ ਹੈ, ਉਹ ਲਿਖਣ ਲਈ ਪ੍ਰੇਰਿਤ ਕੀਤਾ ਜਾਵੇ। ਇਹ ਮੰਨ ਲਿਆ ਗਿਆ ਹੈ ਕਿ ਇਸ ਤਰ੍ਹਾਂ ਦੇ ਪ੍ਰਸ਼ਨਾਂ ਦੀ ਆਦਤ ਵਿਦਿਆਰਥੀਆਂ ਨੂੰ ਇਸ ਲਈ ਪਾਈ ਜਾ ਰਹੀ ਹੈ ਕਿ ਭਵਿੱਖ ਵਿੱਚ ਹੋਣ ਵਾਲੇ ਮੁਕਾਬਲੇ ਦੇ ਇਮਤਿਹਾਨਾਂ ਦੀ ਰੂਪ-ਰੇਖਾ ਵਿਦਿਆਰਥੀਆਂ ਨੂੰ ਪਹਿਲਾਂ ਹੀ ਪਤਾ ਲੱਗ ਜਾਵੇ। ਪਰ ਇਹ ਕੋਈ ਅਜਿਹੀ ਮੁਸ਼ਕਿਲ ਗੱਲ ਨਹੀਂ ਕਿ ਵਿਦਿਆਰਥੀਆਂ ਨੂੰ ਸਕੂਲੀ ਸਿੱਖਿਆ ਦੇ ਸ਼ੁਰੂਆਤ ਤੋਂ ਲੈ ਕੇ ਅਖੀਰ ਤੱਕ ਇਸ ਤਰ੍ਹਾਂ ਦੇ ਹੀ ਪ੍ਰਸ਼ਨ ਤਿਆਰ ਕਰਕੇ ਦਿੱਤੇ ਜਾਣ। ਇਸ ਤਰ੍ਹਾਂ ਦੇ ਪ੍ਰਸ਼ਨਾਂ ਦਾ ਵਿਦਿਆਰਥੀ ਅੰਦਾਜ਼ੇ ਨਾਲ ਵੀ ਜਵਾਬ ਅੰਕਿਤ ਕਰ ਸਕਦਾ ਹੈ। ਵਸਤੂ-ਨਿਸ਼ਠ ਪ੍ਰਸ਼ਨ ਵਿਦਿਆਰਥੀਆਂ ਦੇ ਲਿਖਣ ਦੇ ਅਭਿਆਸ ਵਿੱਚ ਨਿਘਾਰ ਲੈ ਕੇ ਆਉਂਦੇ ਹਨ। ਪ੍ਰਸ਼ਨ-ਪੱਤਰ ਇਸ ਤਰ੍ਹਾਂ ਤਿਆਰ ਕੀਤੇ ਜਾਣ ਜਿਸ ਨਾਲ ਨਿਰਧਾਰਿਤ ਸਮੇਂ ਵਿੱਚ ਵਿਦਿਆਰਥੀ ਆਪਣੇ ਗਿਆਨ ਨੂੰ ਲਿਖਤੀ ਰੂਪ ਵਿੱਚ ਅਭਿਵਿਅਕਤ ਕਰ ਸਕੇ। ਸਿੱਖਿਆ ਵਿਭਾਗ ਦੇ ਵਿਸ਼ਾ-ਮਾਹਿਰਾਂ ਨੂੰ ਖਾਸ ਕਰਕੇ ਮਾਂ-ਬੋਲੀ ਪੰਜਾਬੀ ਦੇ ਅਧਿਆਪਕ ਸਾਹਿਬਾਨ ਇਸ ਪ੍ਰਤੀ ਸੁਹਿਰਦਤਾ ਅਪਣਾਉਂਦੇ ਹੋਏ ਪ੍ਰਸ਼ਨ-ਪੱਤਰ ਦੀ ਰੂਪ ਰੇਖਾ ਤਿਆਰ ਕਰਨ ਤਾਂ ਜੋ ਮਾਂ-ਬੋਲੀ ਪੰਜਾਬੀ ਤੇ ਹੋਰ ਭਾਸ਼ਾਵਾਂ ਅਤੇ ਵਿਸ਼ਿਆਂ ਲਈ ਵੀ ਇਹ ਚੰਗਾ ਕਦਮ ਹੋ ਸਕੇ।ਕਸਬੇ ਜਾਂ ਸ਼ਹਿਰਾਂ ਦੇ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਪੇਂਡੂ ਇਲਾਕੇ ਦੇ ਸਕੂਲਾਂ ਦੇ ਵਿਦਿਆਰਥੀਆਂ ਨਾਲੋਂ ਜ਼ਿਆਦਾ ਹੁੰਦੀ ਹੈ

ਮੂਰਖ ਦਿਵਸ (ਐਪਰਿਲ ਫੂਲ) ਦੀ ਮਹੱਤਤਾ

ਐਪਰਿਲ ਫੂਲ ਭਾਵ ਮੂਰਖ਼ ਦਿਵਸ ਜਾਂ ਫੂਲਜ਼ ਡੇ ਬਾਰੇ ਤਾਂ ਆਪਾਂ ਸਾਰੇ ਬਚਪਨ ਤੋਂ ਹੀ ਜਾਣਦੇ ਹਾਂ। ਅੰਗਰੇਜ਼ੀ ਕੈਲੰਡਰ ਅਨੁਸਾਰ ਅਪ੍ਰੈਲ ਮਹੀਨੇ ਦੀ ਪਹਿਲੀ ਤਰੀਕ ਨੂੰ ਇਹ ਤਿਉਹਾਰ ਮਨਾਇਆ ਜਾਂਦਾ ਹੈ। ਵੈਸੇ ਇਸ ਦਿਨ ਦੀ ਕੋਈ ਇਤਿਹਾਸਕ ਮਹੱਤਤਾ ਤਾਂ ਨਹੀਂ ਹੈ ਪਰ ਫਿਰ ਵੀ ਸਾਰੇ ਪੱਛਮੀ ਮੁਲਕਾਂ ਵਿੱਚ ਇਸ ਨਾਲ ਜੁੜੀਆਂ ਬਹੁਤ ਸਾਰੀਆਂ ਕਹਾਣੀਆਂ ਪ੍ਰਚਲਿਤ ਹਨ। ਜਿਓਫ੍ਰੀ ਸੌਸਰਜ਼ ਨੇ ਪਹਿਲੀ ਵਾਰ ਸਾਲ 1392 'ਚ ਇਸ ਦਾ ਜ਼ਿਕਰ ਆਪਣੀ ਕਿਤਾਬ ਕੇਂਟਰਬਰੀ ਟੇਲਸ 'ਚ ਕੀਤਾ ਸੀ। ਕਿਹਾ ਜਾਂਦਾ ਹੈ ਕਿ ਇੰਗਲੈਂਡ ਦੇ ਰਾਜਾ ਰਿਚਰਡ ਦੂਜੇ ਤੇ ਬੋਹੇਮੀਆ ਦੀ ਰਾਣੀ ਐਨੀ ਦੀ ਸਗਾਈ ਦੀ ਤਰੀਕ 32 ਮਾਰਚ 1381 ਨੂੰ ਹੋਣ ਦਾ ਐਲਾਨ ਕੀਤਾ ਗਿਆ ਸੀ ਜਿਸ ਨੂੰ ਉੱਥੇ ਦੇ ਲੋਕ ਸਹੀ ਮੰਨ ਬੈਠੇ ਤੇ ਮੂਰਖ ਬਣ ਗਏ।

ਇਸ ਦਿਨ ਨੂੰ ਜੂਲੀਅਨ ਅਤੇ ਗ੍ਰੇਗੋਰੀਆਨ ਕੈਲੰਡਰ ਦੇ ਵਿਵਾਦ ਨਾਲ ਵੀ ਜੋੜ ਕੇ ਵੇਖਦੇ ਹਨ। 1582 ਵਿੱਚ ਪੋਪ ਗ੍ਰੇਗੋਰੀ-ਤੇਰਾਂ ਨੇ ਜਨਵਰੀ ਤੋਂ ਨਵੇਂ ਕੈਲੰਡਰ ਦੀ ਸ਼ੁਰੂਆਤ ਕੀਤੀ ਸੀ। ਇਸ ਨਾਲ ਮਾਰਚ ਦੇ ਅਖੀਰ 'ਚ ਮਨਾਏ ਜਾਣ ਵਾਲੇ ਨਿਊ ਇਅਰ ਦੇ ਸੈਲੀਬ੍ਰਿਸ਼ੇਨ ਦੀ ਤਰੀਕ 'ਚ ਬਦਲਾਅ ਹੋ ਗਿਆ ਤੇ ਇਸ ਕੈਲੰਡਰ ਦੀ ਇਹ ਤਰੀਕ ਪਹਿਲਾਂ ਫ੍ਰਾਂਸ ਵਿੱਚ ਹੀ ਅਪਣਾਈ ਗਈ ਸੀ। ਹਾਲਾਂਕਿ, ਯੂਰਪ ਵਿੱਚ ਰਹਿ ਰਹੇ ਬਹੁਤੇ ਲੋਕਾਂ ਨੇ ਜੂਲੀਅਨ ਕੈਲੰਡਰ ਨੂੰ ਹੀ

ਅਪਣਾਇਆ ਸੀ। ਇਸ ਦੇ ਇਵਜ ਵਿੱਚ ਨਵਾਂ ਕੈਲੰਡਰ ਅਪਣਾਉਣ ਵਾਲਿਆਂ ਨੇ ਪੁਰਾਣੇ ਕੈਲੰਡਰ ਮੁਤਾਬਿਕ ਚੱਲਣ ਵਾਲਿਆਂ ਨੂੰ ਫੂਲ ਕਹਿਣਾ ਸ਼ੁਰੂ ਕਰ ਦਿੱਤਾ।

ਇੱਕ ਹੋਰ ਧਾਰਨਾ ਮੁਤਾਬਿਕ ਇਹ ਵੀ ਮੰਨਿਆ ਜਾਂਦਾ ਹੈ ਕਿ ਹਿਲਾਰੀਆ ਫੈਸਟੀਵਲ ਇਕ ਤਿਉਹਾਰ ਹੈ ਜੋ ਪ੍ਰਾਚੀਨ ਕਾਲ ਤੋਂ ਰੋਮ ਵਿੱਚ ਮਨਾਇਆ ਜਾਂਦਾ ਸੀ। ਇਸ ਤਿਉਹਾਰ 'ਚ ਦੇਵਤਾ ਅਤਿੱਸ ਦੀ ਪੂਜਾ ਹੁੰਦੀ ਸੀ। ਹਿਲਾਰੀਆ ਤਿਉਹਾਰ ਮੌਕੇ ਖ਼ਾਸ ਪ੍ਰੋਗਰਾਮ ਵੀ ਕਰਵਾਏ ਜਾਂਦੇ ਸੀ। ਇਸ ਤਿਉਹਾਰ ਦੌਰਾਨ ਲੋਕ ਅਜੀਬ ਕੱਪੜੇ ਪਹਿਣਦੇ ਸਨ। ਨਾਲ ਹੀ ਮਾਸਕ ਲਗਾ ਕੇ ਤਰ੍ਹਾਂ-ਤਰ੍ਹਾਂ ਦੇ ਮਜ਼ਾਕ ਕਰਦੇ ਸਨ।

ਤਿਉਹਾਰ 'ਚ ਹੋਣ ਵਾਲੀਆਂ ਗਤੀਵਿਧੀਆਂ ਕਾਰਨ ਹੀ ਇਤਿਹਾਸਕਾਰਾਂ ਨੇ ਇਸ ਨੂੰ ਅਪ੍ਰੈਲ ਫੂਲ ਡੇਅ ਨਾਲ ਜੋੜ ਦਿੱਤਾ। ਇਸ ਤਰ੍ਹਾਂ ਵੱਖ ਵੱਖ ਧਾਰਨਾਂ ਮੁਤਾਬਕ ਇਕ ਅਪ੍ਰੈਲ ਨੂੰ ਮੂਰਖ ਦਿਵਸ ਮਨਾਇਆ ਜਾਂਦਾ ਹੈ। ਇਹ ਤਾਂ ਪੱਕਾ ਹੈ ਕਿ ਇਹ ਤਿਉਹਾਰ ਪੱਛਮੀ ਸੱਭਿਅਤਾ ਦੀ ਪਰਤ ਵਿੱਚ ਲਿਪਟਿਆ ਹੋਇਆ ਸਾਡੇ ਦੇਸੀਆਂ ਤੇ ਵੀ ਰੰਗ ਚੜ੍ਹਾ ਦਿੰਦਾ ਹੈ। ਇਸ ਦਿਨ ਹਰ ਕੋਈ ਇੱਕ ਦੂਜੇ ਨੂੰ ਸਹਿਣਯੋਗ ਮਜ਼ਾਕ ਉਡਾ ਕੇ ਉਸ ਨੂੰ "ਐਪਰਿਲ ਫੂਲ" ਕਹਿ ਕੇ ਹਾਸੇ ਠੱਠੇ ਵਾਲ਼ਾ ਮਾਹੌਲ ਬਣਾ ਸਕਦਾ ਹੈ। ਇਸ ਤਿਉਹਾਰ ਵਿੱਚ ਕੋਈ ਰੀਤੀ ਰਿਵਾਜ ਤਾਂ ਨਿਭਾਉਣ ਵਾਲੇ ਹੁੰਦੇ ਨਹੀਂ ਪਰ ਦੂਜੇ ਨੂੰ ਮੂਰਖ਼ ਬਣਾਉਣ ਦੀਆਂ ਨਵੀਆਂ ਨਵੀਆਂ ਤਰਕੀਬਾਂ ਜ਼ਰੂਰ ਸੋਚੀਆਂ ਜਾਂਦੀਆਂ ਹਨ। ਸਰੋਤਾਂ ਅਨੁਸਾਰ ਸੰਸਾਰ ਵਿੱਚ ਸਿਰਫ਼ ਇੱਕੋ ਇੱਕ ਦੇਸ਼ ਯੂਕਰੇਨ ਵਿੱਚ ਇਸ ਦਿਨ ਦੀ ਛੁੱਟੀ ਮਨਾਈ ਜਾਂਦੀ ਹੈ ਜਦ ਕਿ ਹੋਰ ਕਿਤੇ ਵੀ ਇਸ ਦਿਨ ਦੀ ਕੋਈ ਸਰਕਾਰੀ ਤੌਰ ਤੇ ਮਾਨਤਾ ਨਹੀਂ ਹੈ ਤੇ ਨਾ ਹੀ ਜਨਤਕ ਛੁੱਟੀ ਹੁੰਦੀ ਹੈ।

ਆਮ ਤੌਰ ਤੇ ਇਸ ਦਿਨ ਦਾ ਉਦੇਸ਼ ਚੰਗੇ ਸੁਭਾਅ ਦੀ ਸਿਰਜਣਾ ਕਰਨਾ ਹੁੰਦਾ ਹੈ। ਜੋ ਲੋਕ "ਫੂਲਜ਼ ਡੇ" ਖੇਡਦੇ ਹਨ ਉਹ ਦੋਸਤਾਂ ਅਤੇ ਪਰਿਵਾਰਾਂ ਵਿੱਚ ਚੰਗੇ ਹੱਸਣ ਹਸਾਉਣ ਵਾਲੇ ਵਿਅਕਤੀਆਂ ਵਿੱਚ ਅਜਿਹਾ ਕਰਦੇ ਰਹਿਣਾ ਅਤੇ ਕਿਸੇ ਨੂੰ ਦਿਲੋਂ ਨੁਕਸਾਨ ਨਾ ਪਹੁੰਚਾਉਣਾ ਜਾਂ ਨਾਰਾਜ਼ ਕਰਨ ਦੀ ਕੋਸ਼ਿਸ਼ ਨਾ ਕਰਨਾ ਆਦਿ

ਦੀਆਂ ਭਾਵਨਾਵਾਂ ਪੈਦਾ ਕਰਦੇ ਹਨ। ਇਸ ਦਿਨ ਕੋਈ ਕਿਸੇ ਨੂੰ ਮੂਰਖ ਬਣਾਉਂਦਾ ਹੈ ਅਤੇ ਕੋਈ ਖੁਦ ਮੂਰਖ ਬਣ ਜਾਂਦਾ ਹੈ। ਇਸ ਤਰ੍ਹਾਂ ਇਹ ਪਹਿਲੀ ਅਪ੍ਰੈਲ ਦਾ ਦਿਨ ਇੱਕ ਹਾਸੇ-ਮਜ਼ਾਕ ਦੇ ਹਾਂ ਪੱਖੀ ਹੁੰਗਾਰੇ ਦੇ ਦਿਨ ਵਜੋਂ ਮੰਨਿਆ ਜਾ ਸਕਦਾ ਹੈ। ਇਸ ਨਾਲ ਮਨੁੱਖਤਾ ਅੰਦਰ ਪਿਆਰ ਅਤੇ ਮਿਲਵਰਤਣ ਦੀ ਭਾਵਨਾ ਪੈਦਾ ਹੁੰਦੀ ਹੈ। ਅੱਜ ਦੇ ਜ਼ਮਾਨੇ ਵਿੱਚ ਮਨੁੱਖ ਪ੍ਰੇਸ਼ਾਨੀਆਂ ਅਤੇ ਤਣਾਵਾਂ ਵਿੱਚ ਘਿਰਿਆ ਹੋਇਆ ਹੱਸਣ ਹਸਾਉਣ ਨੂੰ ਵੀ ਤਰਸਿਆ ਪਿਆ ਹੈ ,ਉਸ ਲਈ ਇਹ ਦਿਨ ਬਹੁਤ ਉੱਤਮ ਮੰਨਿਆ ਜਾਂਦਾ ਹੈ ਕਿਉਂਕਿ ਮੂਰਖ ਨੂੰ ਕਿਸੇ ਦੀ ਪ੍ਰਵਾਹ ਨਹੀਂ ਹੁੰਦੀ ਅਤੇ ਉਸ ਲਈ ਤਾਂ"ਕਿਆ ਗਮ ਔਰ ਕਿਆ ਖੁਸ਼ੀ" ਵਾਲੀ ਗੱਲ ਹੁੰਦੀ ਹੈ। ਮੂਰਖ ਨਾਲ ਚੰਗਾ ਹੋਵੇ ਜਾਂ ਮਾੜਾ ਪਰ ਉਸ ਲਈ ਤਾਂ ਜ਼ਿੰਦਗੀ ਸਿਰਫ ਹੱਸਣ ਤੇ ਹੀ ਟਿਕੀ ਹੁੰਦੀ ਹੈ। ਇਸ ਲਈ ਹੋ ਸਕਦਾ ਹੈ ਕਿ ਮੂਰਖਾਂ ਦੀ ਜ਼ਿੰਦਗੀ ਨੂੰ ਵਧੀਆ ਮੰਨਦੇ ਹੋਏ ਸਿਆਣੇ ਲੋਕਾਂ ਨੇ ਇੱਕ ਦਿਨ ਲਈ ਮੂਰਖ ਬਣਨ ਵਾਲ਼ਾ ਤੱਤ ਕੱਢਿਆ ਹੋਵੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਾਸਾ ਮਨੁੱਖ ਨੂੰ ਪਰਮਾਤਮਾ ਵੱਲੋਂ ਮਿਲੀ ਇੱਕ ਬਹੁਤ ਵੱਡੀ ਸੌਗਾਤ ਹੈ । ਇਸ ਦੀ ਪ੍ਰਾਪਤੀ ਲਈ ਐਪਰਲ ਫੂਲ ਵਾਲੇ ਦਿਨ ਲੋਕੀਂ ਇੱਕ ਦੂਜੇ ਨਾਲ ਮਜ਼ਾਕ ਕਰਦੇ ਹਨ। ਜੇ ਇਹ ਮੰਨ ਲਿਆ ਜਾਵੇ ਕਿ ਇਸ ਦਿਨ ਨੂੰ ਖੁੱਲ੍ਹ ਕੇ ਮਨਾਇਆ ਜਾਂਦਾ ਹੈ ਤੇ ਜ਼ਿੰਦਗੀ ਦੀਆਂ ਪ੍ਰੇਸ਼ਾਨੀਆਂ ਨੂੰ ਇਸ ਤਰ੍ਹਾਂ ਲਾਹ ਕੇ ਸੁੱਟ ਦਿੱਤਾ ਜਾਂਦਾ ਹੈ ਜਿਵੇਂ ਦੁੱਧ ਤੋਂ ਮੱਖੀ ਲਾਹ ਕੇ ਸੁੱਟ ਦਿੱਤੀ ਜਾਂਦੀ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ।

ਇਸ ਦਿਨ ਕਿਸੇ ਨਾ ਕਿਸੇ ਬਹਾਨੇ ਆਪਣੇ ਜਾਣ ਪਹਿਚਾਣ ਵਾਲਿਆਂ ਨੂੰ, ਦੋਸਤਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਨਵੀਆਂ ਨਵੀਆਂ ਤਰਕੀਬਾਂ ਲਾ ਕੇ ਕੁਝ ਇਹੋ ਜਿਹੇ ਕਾਰਨ-ਯਾਮੇ ਕੀਤੇ ਜਾਂਦੇ ਹਨ ਕਿ ਕੁਝ ਪਲਾਂ ਲਈ ਉਹਨਾਂ ਨੂੰ ਮੂਰਖ ਬਣਾ ਕੇ ਹਾਸੇ-ਠੱਠੇ ਦਾ ਮਾਹੌਲ ਸਿਰਜਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਦਿਵਸ ਪਿੱਛੇ ਲੋਕਾਂ ਨੂੰ ਕੁਝ ਪਲਾਂ ਲਈ ਸਕੂਨ ਦੇਣਾ ਅਤੇ ਦਿਲੋਂ ਖੁਸ਼ ਕਰਨ ਦੀ ਸੋਚ ਕੰਮ ਕਰਦੀ ਹੈ, ਜਿਸ ਨਾਲ ਲੋਕਾਂ ਦੀ ਚਿੰਤਾਵਾਂ ਤੇ ਰੁਝੇਵਿਆਂ ਭਰੀ ਜ਼ਿੰਦਗੀ ਵਿੱਚ ਕੁਝ ਸਮੇਂ ਲਈ ਹਾਸੇ ਟਹਿਕਦੇ ਹਨ। ਇੱਕ ਦੂਜੇ ਨੂੰ ਭੁਲੇਖੇ ਪਾਉਣ ਦੀਆਂ ਗੱਲਾਂ ,ਚਕਮਾ ਦੇ ਕੇ ਕੁਝ ਅਚਨਚੇਤੀ ਮੂਰਖ਼ ਬਣਾਉਣ ਦੀਆਂ ਗੱਲਾਂ ਕਰ ਕੇ ਇੱਕ-ਦੂਜੇ ਨਾਲ ਕੀਤੇ ਜਾਂਦੇ ਮਜ਼ਾਕਾਂ ਅਤੇ ਵਿਵਹਾਰਿਕ ਨਟਖਟੀ ਦਾ ਸਿਲਸਿਲਾ ਸਾਰਾ ਦਿਨ ਚੱਲਦਾ ਰਹਿੰਦਾ ਹੈ। ਕਈ ਵਾਰ ਲੋਕ ਕਿਸੇ ਦੇ ਪਿਆਰੇ ਦੇ ਮਰਨ ਦੀ ਖ਼ਬਰ ਦੇ ਕੇ ਜਾਂ ਐਕਸੀਡੈਂਟ ਹੋਣ ਦੀ ਗੱਲ ਕਰਕੇ ਜਾਂ ਹੋਰ ਕਈ ਤਰ੍ਹਾਂ ਦੇ ਭੱਦੇ ਮਜ਼ਾਕ ਕਰਕੇ ਬੇਵਕੂਫ਼ ਬਣਾਉਣਾ ਚਾਹੁੰਦੇ ਹਨ ਜੋ ਕਈਆਂ ਲਈ ਜਾਨਲੇਵਾ ਹੋ ਸਕਦਾ ਹੈ। ਇਹੋ ਜਿਹੇ ਭੱਦੇ ਮਜ਼ਾਕ ਬਣਾ ਕੇ ਕਦੇ ਕਿਸੇ ਨੂੰ ਖ਼ੁਸ਼ ਨਹੀਂ ਕੀਤਾ ਜਾ ਸਕਦਾ। ਕਿਸੇ ਨੂੰ ਵੀ ਮਜ਼ਾਕ ਕਰਨ ਤੋਂ ਪਹਿਲਾਂ ਉਸ ਦੀ ਮਾਨਸਿਕਤਾ ਅਤੇ ਸੁਭਾਅ ਦੇ ਅਧਾਰ ਤੇ ਹੀ ਫੂਲ ਬਣਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਕਿਸੇ ਖਿਝੂ ਵਿਅਕਤੀ ਨੂੰ ਮਜ਼ਾਕ ਕਰਕੇ ਆਪਣੇ ਗਲ਼ ਪਾ ਕੇ ਆਪਣੇ ਤਿਉਹਾਰ ਦਾ ਵੀ ਮਜ਼ਾ ਕਿਰਕਿਰਾ ਨਾ ਕਰ ਲਿਆ ਜਾਵੇ।

ਇਸ ਤਰ੍ਹਾਂ ਇਹ ਵਿਲੱਖਣ ਕਿਸਮ ਦਾ ਤਿਉਹਾਰ ਅੱਜ ਦੀ ਭੱਜ ਦੌੜ ਵਾਲੀ ਜ਼ਿੰਦਗੀ ਵਿੱਚ ਇੱਕ ਨਿਆਮਤ ਬਣ ਕੇ ਆਉਂਦਾ ਹੈ। ਹਰ ਕਿਸੇ ਨੂੰ ਆਪਣੇ ਆਲੇ ਦੁਆਲੇ ਹਾਨੀ ਰਹਿਤ ਮਰਿਆਦਾ ਸਹਿਤ ਇਸ ਤਿਉਹਾਰ ਨੂੰ ਮਨਾਉਣਾ ਚਾਹੀਦਾ ਹੈ।

ਬਰਜਿੰਦਰ ਕੌਰ ਬਿਸਰਾਓ...
9988901324

joo
Just Order Online

WANT TO SAVE £1000'S IN YOUR RESTAURANT?

- TABLET ORDERING SYSTEM
- KITCHEN DISPLAY & KITCHEN PRINTERS
- ONLINE ORDERING & TABLE BOOKING
- INTEGRATED CARD MACHINES
- JOO AI – ADVANCED BUSINESS INTELLIGENCE

STARTING FROM
WAS ~~£999~~
NOW ONLY
£249

POS,PRINTER, WEBSITE, ORDER BOOKING SYSTEM FROM

Contact Us
+44-7846-588928

OFFER ENDS
28 FEB 2026

justorderonline.co.uk
info@justorderonline.co.uk
T&Cs apply - 2 year contract. Subject to availability

ਵਿਸ਼ਵ ਸੁੰਦਰੀ ਵਰਗੀ ਕਲਮ ਦੀ ਮਾਲਿਕਾ ਵੀਰਪਾਲ ਕੌਰ ਭੱਠਲ

ਲੇਖਕ: ਗੁਰਭਿੰਦਰ ਗੁਰੀ

ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਜੇ ਅਸੀਂ ਧਿਆਨ ਨਾਲ ਵੇਖੀਏ ਤਾਂ ਇਹ ਸਿਰਫ਼ ਕਹਾਣੀਆਂ, ਕਵਿਤਾਵਾਂ ਜਾਂ ਗੀਤਾਂ ਦਾ ਸੰਗ੍ਰਹਿ ਨਹੀਂ, ਸਗੋਂ ਲੋਕਾਂ ਦੇ ਜੀਵਨ ਦੀ ਅਸਲ ਦਾਸਤਾਨ ਹੈ। ਇਸ ਸਾਹਿਤਕ ਧਾਰਾ ਨੂੰ ਅੱਗੇ ਵਧਾਉਣ ਵਾਲੇ ਕਈ ਮਹਾਨ ਨਾਮਾਂ ਵਿੱਚ ਅੱਜ ਇੱਕ ਨਵਾਂ, ਪਰ ਬੇਹੱਦ ਮਜ਼ਬੂਤ ਨਾਂ ਸ਼ਾਮਲ ਹੋ ਰਿਹਾ ਹੈ—ਵੀਰਪਾਲ ਕੌਰ ਭੱਠਲ।

ਉਸ ਦੀ ਕਲਮ ਸਿਰਫ਼ ਲਿਖਦੀ ਨਹੀਂ, ਬਲਕਿ ਬੋਲਦੀ ਹੈ, ਰੋਂਦੀ ਹੈ, ਲੜਦੀ ਹੈ ਅਤੇ ਸਮਾਜ ਨੂੰ ਆਇਨਾ ਵੀ ਦਿਖਾਉਂਦੀ ਹੈ। ਉਸ ਦੀ ਰਚਨਾਵਾਂ ਵਿੱਚ ਦਰਦ ਵੀ ਹੈ, ਪ੍ਰੇਰਣਾ ਵੀ ਹੈ, ਅਤੇ ਇਕ ਨਵੀਂ ਸੋਚ ਦਾ ਚਿਰਾਗ ਵੀ ਜਲਦਾ ਹੈ।

ਸਾਹਿਤ: ਸਮਾਜ ਦੀ ਧੜਕਨ

ਸਾਹਿਤ ਕਿਸੇ ਵੀ ਸਮਾਜ ਦੀ ਰੂਹ ਹੁੰਦਾ ਹੈ। ਇਹ ਉਹ ਦਰਪਣ ਹੈ ਜਿਸ ਵਿੱਚ ਸਮਾਜ ਆਪਣੀ ਸੂਰਤ ਵੇਖਦਾ ਹੈ। ਜਦੋਂ ਸਮਾਜ ਵਿੱਚ ਅਨਿਆਂ ਵਧਦਾ ਹੈ, ਤਾਂ ਸਾਹਿਤ ਉਸ ਦੇ ਖ਼ਿਲਾਫ਼ ਆਵਾਜ਼ ਬਣਦਾ ਹੈ। ਜਦੋਂ ਮਨੁੱਖਤਾ ਡਗਮਗਾਉਂਦੀ ਹੈ, ਤਾਂ ਸਾਹਿਤ ਉਸ ਨੂੰ ਮੁੜ ਸੰਭਾਲਦਾ ਹੈ।

ਇਸੇ ਮਿਸ਼ਨ ਨੂੰ ਆਪਣੇ ਜੀਵਨ ਦਾ ਮਕਸਦ ਬਣਾਇਆ ਹੈ ਵੀਰਪਾਲ ਕੌਰ ਭੱਠਲ ਨੇ। ਉਹਨਾਂ ਦੀਆਂ ਲਿਖਤਾਂ ਲੋਕਾਂ ਦੇ ਦਿਲਾਂ ਵਿੱਚ ਉਤਰ ਕੇ ਉਨ੍ਹਾਂ ਨੂੰ ਸੋਚਣ ਲਈ ਮਜਬੂਰ ਕਰਦੀਆਂ ਹਨ।

ਉਹ ਸਾਬਤ ਕਰਦੀਆਂ ਹਨ ਕਿ ਚੰਗਾ ਸਾਹਿਤ ਉਹ ਨਹੀਂ ਜੋ ਸਿਰਫ਼ ਮਨੋਰੰਜਨ ਕਰੇ, ਸਗੋਂ ਉਹ ਹੈ ਜੋ ਮਨੁੱਖ ਦੇ ਅੰਦਰ ਬਦਲਾਅ ਦੀ ਲਹਿਰ ਪੈਦਾ ਕਰੇ।

ਅੰਮ੍ਰਿਤਾ ਪ੍ਰੀਤਮ ਦੀ ਛਾਂਹ ਹੇਠ ਉਭਰਦਾ ਨਾਂ

ਪੰਜਾਬੀ ਸਾਹਿਤ ਦੀ ਮਹਾਨ ਲੇਖਕਾ ਅੰਮ੍ਰਿਤਾ ਪ੍ਰੀਤਮ ਦਾ ਨਾਮ ਜਦ ਵੀ ਲਿਆ ਜਾਂਦਾ ਹੈ, ਤਾਂ ਇੱਕ ਅਜਿਹੀ ਕਲਮ ਯਾਦ ਆਉਂਦੀ ਹੈ ਜਿਸ ਨੇ ਸਮਾਜ ਦੀਆਂ ਰੀਤਾਂ ਨੂੰ ਚੁਣੌਤੀ ਦਿੱਤੀ। ਅੱਜ ਦੇ ਸਮੇਂ ਵਿੱਚ ਜੇ ਕਿਸੇ ਲੇਖਕਾ ਵਿੱਚ ਉਹੀ ਬੇਬਾਕੀ, ਉਹੀ ਗਹਿਰਾਈ ਅਤੇ ਉਹੀ ਸੰਵੇਦਨਸ਼ੀਲਤਾ ਵੇਖੀ ਜਾ ਰਹੀ ਹੈ, ਤਾਂ ਉਹ ਹੈ ਵੀਰਪਾਲ ਕੌਰ ਭੱਠਲ। ਉਸ ਦੀਆਂ ਲਿਖਤਾਂ ਵਿੱਚ ਔਰਤ ਦੀ ਪੀੜਾ, ਸਮਾਜਿਕ ਸੱਚਾਈ ਅਤੇ ਮਨੁੱਖੀ ਭਾਵਨਾਵਾਂ ਦੀ ਡੂੰਘੀ ਸਮਝ ਸਪਸ਼ਟ ਦਿਖਾਈ ਦਿੰਦੀ ਹੈ।

ਬਹੁਪੱਖੀ ਕਲਾ ਦਾ ਵਿਸ਼ਾਲ ਆਕਾਰ

ਵੀਰਪਾਲ ਕੌਰ ਭੱਠਲ ਦੀ ਸਭ ਤੋਂ ਵੱਡੀ ਖੂਬੀ ਇਹ ਹੈ ਕਿ ਉਹ ਕਿਸੇ ਇੱਕ ਖੇਤਰ ਤੱਕ ਸੀਮਿਤ ਨਹੀਂ। ਉਹ ਇੱਕ ਪੂਰਨ ਕਲਾਕਾਰ ਹੈ:

ਕਵਿਤਰੀ – ਡੂੰਘੀਆਂ ਭਾਵਨਾਵਾਂ ਵਾਲੀਆਂ ਕਵਿਤਾਵਾਂ

ਕਹਾਣੀਕਾਰ – ਜੀਵਨ ਦੀਆਂ ਹਕੀਕਤਾਂ ਨੂੰ ਬਿਆਨ ਕਰਦੀਆਂ ਕਹਾਣੀਆਂ

ਗੀਤਕਾਰ – ਲੋਕ ਰੂਹ ਨਾਲ ਜੁੜੇ ਗੀਤ

ਲੇਖਕਾ – ਸਮਾਜਕ ਮੁੱਦਿਆਂ 'ਤੇ ਲਿਖਤ

ਅਦਾਕਾਰਾ – ਟੈਲੀਫ਼ਿਲਮਾਂ ਵਿੱਚ ਪ੍ਰਭਾਵਸ਼ਾਲੀ ਭੂਮਿਕਾਵਾਂ

ਗਾਇਕਾ – ਮਿੱਠੀ ਤੇ ਰੂਹਾਨੀ ਆਵਾਜ਼

ਉਹਨਾਂ ਦੀਆਂ ਕਿਤਾਬਾਂ ਜਿਵੇਂ ਜਾਦੂਗਰਨੀ, ਅੰਬਿਕਾ ਦਾ ਮਹਿਲ, ਗਿਆਨ ਦਾ ਖਜ਼ਾਨਾ, ਗੁਫ਼ਤਗੂ, ਨਾ ਮਾਰੋ ਅਣਜੰਮੀਆਂ ਧੀਆਂ—ਇਹ ਸਾਰੀਆਂ ਉਸ ਦੀ ਕਲਮ ਦੀ ਵਿਆਪਕਤਾ ਨੂੰ ਦਰਸਾਉਂਦੀਆਂ ਹਨ।

ਵੀਰਪਾਲ ਦੀ ਜ਼ਿੰਦਗੀ ਕੋਈ ਫਿਲਮੀ ਕਹਾਣੀ ਤੋਂ ਘੱਟ ਨਹੀਂ।

ਛੋਟੀ ਉਮਰ ਵਿੱਚ ਵਿਆਹ

ਰੂੜੀਵਾਦੀ ਪਰਿਵਾਰ

ਲਿਖਣ 'ਤੇ ਪਾਬੰਦੀ

ਕਾਪੀਆਂ ਨੂੰ ਸਾੜ ਦਿੱਤਾ ਜਾਣਾ

ਮਾਨਸਿਕ ਤਣਾਅ ਅਤੇ ਡਿਪਰੈਸ਼ਨ

ਇਹ ਸਾਰੀਆਂ ਮੁਸ਼ਕਲਾਂ ਇੱਕ ਆਮ ਇਨਸਾਨ ਨੂੰ ਤੋੜ ਸਕਦੀਆਂ ਸਨ, ਪਰ ਵੀਰਪਾਲ ਨੇ ਇਨ੍ਹਾਂ ਨੂੰ ਆਪਣੀ ਤਾਕਤ ਬਣਾਇਆ।

ਉਹ ਡਿੱਗੀ, ਪਰ ਮੁੜ ਖੜ੍ਹੀ ਹੋਈ—ਹੋਰ ਵੀ ਮਜ਼ਬੂਤ ਹੋ ਕੇ। ਇਹੀ ਉਸ ਦੀ ਅਸਲ ਜਿੱਤ ਹੈ।

ਵੀਰਪਾਲ ਦੀ ਲਿਖਤ ਵਿੱਚ ਸਿਰਫ਼ ਕਲਾ ਨਹੀਂ, ਸਗੋਂ ਜ਼ਿੰਮੇਵਾਰੀ ਵੀ ਹੈ। ਉਹ ਉਹਨਾਂ ਲੋਕਾਂ ਦੀ ਆਵਾਜ਼ ਬਣਦੀ ਹੈ ਜੋ ਅਕਸਰ ਖਾਮੋਸ਼ ਰਹਿ ਜਾਂਦੇ ਹਨ:

ਧੀਆਂ ਨਾਲ ਹੋ ਰਹੀ ਅਨਿਆਂ

ਔਰਤਾਂ ਦੀ ਪੀੜਾ

ਗਰੀਬ ਵਰਗ ਦੀ ਹਕੀਕਤ

ਕਿਸਾਨਾਂ ਦੇ ਸੰਘਰਸ਼

ਨੌਜਵਾਨੀ ਦੀ ਬੇਰੁਜ਼ਗਾਰੀ

ਉਸ ਦਾ ਗੀਤ "ਦਿੱਲੀ ਗਿਆ ਤਾਂ ਲਿਆਵੀਂ ਝੰਡਾ ਜਿੱਤਦਾ" ਕਿਸਾਨ ਅੰਦੋਲਨ ਦੀ ਗੂੰਜ ਬਣਿਆ, ਜਦਕਿ "ਮਾਨ ਤੇ ਮਾਣ" ਪੰਜਾਬੀਅਤ ਦੀ ਸ਼ਾਨ ਨੂੰ ਦਰਸਾਉਂਦਾ ਹੈ।

ਸੰਗੀਤ ਅਤੇ ਸਿਨੇਮਾ ਵਿੱਚ ਯੋਗਦਾਨ

ਸਾਹਿਤ ਦੇ ਨਾਲ ਨਾਲ ਵੀਰਪਾਲ ਨੇ ਅਦਾਕਾਰੀ ਅਤੇ ਫਿਲਮਾਂ ਵਿੱਚ ਵੀ ਆਪਣਾ ਯੋਗਦਾਨ ਦਿੱਤਾ ਹੈ।

ਉਹ ਕਈ ਪ੍ਰੋਜੈਕਟਾਂ ਨਾਲ ਜੁੜੀ ਹੋਈ ਹੈ ਅਤੇ ਆਪਣੀ ਅਦਾਕਾਰੀ ਨਾਲ ਵੀ ਦਰਸ਼ਕਾਂ ਦੇ ਦਿਲਾਂ ਵਿੱਚ ਥਾਂ ਬਣਾ ਰਹੀ ਹੈ। ਇਹ ਗੱਲ ਉਸ ਨੂੰ ਹੋਰ ਵੀ ਵਿਲੱਖਣ ਬਣਾਉਂਦੀ ਹੈ।

ਭਾਵਨਾਵਾਂ ਦਾ ਰਿਸ਼ਤਾ: ਭਰਾ ਦੀ ਯਾਦ

ਵੀਰਪਾਲ ਦੀ ਕਲਮ ਦਾ ਇੱਕ ਵੱਡਾ ਸਹਾਰਾ ਉਸ ਦੇ ਸਵਰਗਵਾਸੀ ਭਰਾ ਜਗਸੀਰ ਸੰਧੂ ਦੀ ਯਾਦ ਹੈ।

ਉਹ ਹਰ ਲਿਖਤ ਨੂੰ ਉਸ ਦੇ ਸੁਪਨਿਆਂ ਨਾਲ ਜੋੜਦੀ ਹੈ। ਉਸ ਲਈ ਲਿਖਣਾ ਸਿਰਫ਼ ਸ਼ੌਂਕ ਨਹੀਂ, ਸਗੋਂ ਇਕ ਵਚਨ ਹੈ—ਇੱਕ ਅਧੂਰੇ ਸੁਪਨੇ ਨੂੰ ਪੂਰਾ ਕਰਨ ਦਾ।

ਸਮਾਜ ਅਤੇ ਸਰਕਾਰ ਲਈ ਤਿੱਖਾ ਸੰਦੇਸ਼

ਵੀਰਪਾਲ ਦੇ ਵਿਚਾਰ ਬਹੁਤ ਸਪਸ਼ਟ ਹਨ:

ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕੀਤਾ ਜਾਵੇ

ਮੁਫ਼ਤ ਸਕੀਮਾਂ ਦੀ ਥਾਂ ਆਤਮਨਿਰਭਰਤਾ ਵਧਾਈ ਜਾਵੇ

ਵੋਟ ਦੀ ਕਦਰ ਸਮਝੀ ਜਾਵੇ

ਹਿੰਮਤ ਕਦੇ ਨਾ ਹਾਰੀ ਜਾਵੇ

ਉਹ ਕਹਿੰਦੀ ਹੈ ਕਿ ਜ਼ਿੰਦਗੀ ਇੱਕ ਰੰਗਮੰਚ ਹੈ ਅਤੇ ਹਰ ਇਨਸਾਨ ਨੂੰ ਆਪਣਾ ਰੋਲ ਪੂਰੀ ਇਮਾਨਦਾਰੀ ਨਾਲ ਨਿਭਾਉਣਾ ਚਾਹੀਦਾ ਹੈ।

ਵੀਰਪਾਲ ਕੌਰ ਭੱਠਲ ਦੀ ਜ਼ਿੰਦਗੀ ਅਤੇ ਲਿਖਤ ਦੋਵੇਂ ਹੀ ਪ੍ਰੇਰਣਾ ਦਾ ਸਰੋਤ ਹਨ।

ਉਹ ਸਾਬਤ ਕਰਦੀ ਹੈ ਕਿ ਜੇ ਇਰਾਦੇ ਮਜ਼ਬੂਤ ਹੋਣ, ਤਾਂ ਕੋਈ ਵੀ ਰੁਕਾਵਟ ਤੁਹਾਨੂੰ ਰੋਕ ਨਹੀਂ ਸਕਦੀ। ਉਸ ਦੀ ਕਹਾਣੀ ਹਰ ਉਸ ਇਨਸਾਨ ਲਈ ਇੱਕ ਸਬਕ ਹੈ ਜੋ ਹਾਰ ਮੰਨਣ ਦੀ ਸੋਚਦਾ ਹੈ।

ਧਰੁ ਤਾਰੇ ਵਾਂਗ ਚਮਕਦੀ ਸ਼ਖਸੀਅਤ

ਅੱਜ ਵੀਰਪਾਲ ਕੌਰ ਭੱਠਲ ਪੰਜਾਬੀ ਸਾਹਿਤ ਦੇ ਅਸਮਾਨ 'ਚ ਇੱਕ ਧਰੁ ਤਾਰੇ ਵਾਂਗ ਚਮਕ ਰਹੀ ਹੈ।

ਉਸ ਦੀ ਕਲਮ ਸਿਰਫ਼ ਸ਼ਬਦ ਨਹੀਂ ਲਿਖਦੀ, ਸਗੋਂ ਇਤਿਹਾਸ ਲਿਖ ਰਹੀ ਹੈ। ਉਸ ਦੀ ਯਾਤਰਾ ਅਜੇ ਜਾਰੀ ਹੈ ਅਤੇ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਉਹ ਹੋਰ ਵੀ ਵੱਡੀਆਂ ਉੱਚਾਈਆਂ ਨੂੰ ਛੂਹੇਗੀ।

ਅਸੀਂ ਅਰਦਾਸ ਕਰਦੇ ਹਾਂ ਕਿ ਪ੍ਰਮਾਤਮਾ ਉਸ ਨੂੰ ਚੰਗੀ ਸਿਹਤ, ਲੰਮੀ ਉਮਰ ਅਤੇ ਹੋਰ ਵੱਡੀ ਕਾਮਯਾਬੀ ਬਖ਼ਸ਼ੇ, ਤਾਂ ਜੋ ਉਹ ਪੰਜਾਬੀ ਮਾਂ ਬੋਲੀ ਦੀ ਸੇਵਾ ਇਸੇ ਤਰ੍ਹਾਂ ਕਰਦੀ ਰਹੇ।

ਆਮੀਨ।

ਗੁਰਭਿੰਦਰ ਗੁਰੀ

ਮੂਰਖ ਦਿਵਸ ਦੀ ਮਹਾਨਤਾ

ਅੱਜ ਦੇ ਯੁੱਗ ਵਿੱਚ ਜਦੋਂ ਹਰ ਕੋਈ ਆਪਣੇ ਆਪ ਨੂੰ ਸੱਭ ਤੋਂ ਬੁੱਧੀਮਾਨ ਸਮਝਣ ਦੀ ਜਿੱਦ ਕਰਦਾ ਹੈ ਤਾਂ ਮੂਰਖਾਂ ਦੇ ਦਿਨ ਦੇ ਬਹਾਨੇ ਮੂਰਖਾਂ ਦਾ ਚੰਗਾ ਲੱਗਣਾ ਸੁਭਾਵਿਕ ਹੈ।ਜੇਕਰ ਅਜਿਹਾ ਹੈ ਤਾਂ ਵੀ ਪੂਰੇ ਸਾਲ ਵਿੱਚ ਸਿਰਫ ਇਕ ਦਿਨ ਹੀ ਉਹਨਾਂ ਨੂੰ ਮੂਰਖਤਾਂ ਭਰੇ ਕੰਮ ਕਰਨ ਦੀ ਆਜਾਦੀ ਕਿਉਂ ਮਿਲਦੀ ਹੈ।ਇਹ ਮੂਰਖ ਦਿਵਸ ਦੀ ਮਹਾਨਤਾ ਹੈ ਕਿ ਸੱਭ ਤੋਂ ਹੁਸ਼ਿਆਰ ਵਿਅਕਤੀ ਵੀ ਮੂਰਖ ਬਣਨ 'ਤੇ ਨਰਾਜ਼ ਨਹੀ ਹੁੰਦਾ,ਸਗੋਂ ਇਸ ਦਿਨ 'ਤੇ ਸਾਰੇ ਹੀ ਇੱਕਜੁੱਟ ਹੋ ਕੇ ਖੁਸ਼ੀ ਮਨਾਉਦੇ ਹਨ,ਕੋਈ ਵੀ ਕਿਸੇ ਨਾਲ ਨਾਰਾਜ਼ ਨਹੀ ਹੁੰਦਾ।ਵੈਸੇ ਤਾਂ ਮਨੁੱਖੀ ਸਭਿਅਤਾ ਦਾ ਵਿਕਾਸ ਹਜ਼ਾਰਾਂ ਸਾਲਾਂ ਤੱਕ ਜਾਰੀ ਰਹਿਣ ਦੇ ਬਾਵਜੂਦ ਅੱਜ ਦੇ ਯੁੱਗ ਵਿੱਚ ਮੂਰਖਾਂ ਦੀ ਵਧਦੀ ਗਿਣਤੀ ਕਾਬਿਲੇ-ਤਰੀਫ਼ ਹੈ।ਭਾਂਵੇ ਜਨਮੇ ਮੂਰਖਾਂ ਦੀ ਗਿਣਤੀ ਘੱਟ ਪੜ੍ਹੇ ਲਿਖੇ ਲੋਕਾਂ ਦੀ ਹੈ,ਪਰ ਆਪਣੇ ਆਪ ਨੂੰ ਸੱਭ ਤੋਂ ਵੱਧ ਬੁੱਧੀਮਾਨ 'ਤੇ ਚਲਾਕ ਸਮਝਣ ਵਾਲੇ ਮੂਰਖਾਂ ਦੀ ਗਿਣਤੀ ਇਸ ਤੋਂ ਵੱਧ ਹੈ।ਕੁਝ ਗਰੀਬ-ਗੁਰਬੇ ਲੋਕ ਤਾਂ ਬਿਲਕੁਲ ਹੀ ਸਿਰਫ ਸਿੱਧੇ-ਸਾਦੇ ਹਨ ਜੋ ਕਿ ਜਲਦੀ ਮੂਰਖ ਬਣ ਜਾਂਦੇ ਹਨ,ਪਰ ਅੱਜ ਕੱਲ ਸਿੱਧੇ-ਸਾਦੇ ਲੋਕ ਤਾਂ ਮੂਰਖ ਬਣਦੇ ਹੀ ਹਨ,ਅਤੇ ਬਣਾਉਦੇ ਹਨ,ਉਹਨਾਂ ਦੇ ਨਾਲ ਨਾਲ ਪੜ੍ਹੇ ਲਿਖੇ ਤੇ ਸਮਝਦਾਰ ਲੋਕ ਨੂੰ ਵੀ ਅੱਜ ਮੂਰਖ ਬਣਨ ਅਤੇ ਬਣਾਉਣ ਤੇ ਤੁਲੇ ਹੋਏ ਹਨ। ਅੱਜ ਦੇ ਯੁੱਗ ਵਿੱਚ ਸਿਆਸਤ ਅਤੇ ਮੰਡੀ ਦੇ ਰੁਝਾਨ ਦੀ ਲਹਿਰ ਅਨੁਸਾਰ ਭਾਵਨਾਤਮਕ ਮੂਰਖਾਂ ਦੀ ਗਿਣਤੀ ਏਨੀ ਬੇਲਗਾਮ ਹੋ ਰਹੀ ਹੈ ਕਿ ਉਹਨਾਂ ਦੇ ਸਾਹਮਣੇ ਸੂਝਵਾਨ ਲੋਕਾਂ ਦੀ ਗਿਣਤੀ ਊਠ ਦੇ ਮੂੰਹ ਵਿੱਚ ਜੀਰੇ ਵਾਲੀ ਗੱਲ ਹੈ।ਮੂਰਖ ਬਣਨ ਵਾਲੇ ਚਾਹੀਦੇ ਹਨ ਅਤੇ ਬਣਾਉਣ ਵਾਲੇ ਅੱਜ ਬਹੁਤ ਬੈਠੇ ਹਨ,ਅੱਜ ਦੀ ਪੀੜ੍ਹੀ ਵਾਲੇ ਜੀਵ ਕੁਫਰ ਬੁੱਧੀਮਾਨਾਂ ਨਾਲੋ ਵੱਧ ਅਟੱਲ ਹਨ,ਉਨ੍ਹਾਂ ਤੋਂ ਕੋਈ ਖਤਰਾ ਨਹੀ ਹੈ,ਖਤਰਾ ਸਿਰਫ ਉਨਾਂ ਤੋਂ ਹੈ ਜਿੰਨਾਂ ਤੇ ਅਸੀ ਆਪਣਾ ਸਮਝ ਕੇ ਬੇਤਹਾਸ਼ਾਂ ਯਕੀਨ ਕਰ ਬੈਠਦੇ ਹਾਂ।ਉਹ ਦੂਸਰਿਆਂ ਨਾਲੋ ਜਿਆਦਾ 'ਤੇ ਤੇਜ਼ ਡੰਗ ਮਾਰਦੇ ਹਨ।ਬੱਚ ਜਾਓ ਜੇ ਬਚ ਸਕਦੇ ਹੋ ਤਾਂ ਕਿਉਂਕਿ ਅੱਜ ਹਰ ਕੋਈ ਇਕ ਦੂਸਰੇ ਨੂੰ ਮੂਰਖ ਸਮਝਦਾ ਹੈ ਅਤੇ ਹਰ ਇਕ ਨੂੰ ਮੂਰਖ ਬਣਾਉਣ ਨੂੰ ਫਿਰਾਕ ਵਿੱਚ ਬੈਠਾ ਹੋਇਆ ਹੈ। ਹਾਲਾਂਕਿ,ਇਸ ਯੁੱਗ ਵਿੱਚ ਹਰ ਪਾਸੇ ਮਿਲਾਵਟ ਦੇ ਪ੍ਰਭਾਵ ਕਾਰਨ ਸਾਡੀ ਬੁੱਧੀ ਕੁਝ ਹੋਰ ਪਾਸੇ ਵੀ ਚਲੀ ਗਈ ਹੈ।ਹਰ ਫੀਲਡ ਵਿੱਚ ਦੇਖਿਆ ਜਾਵੇ ਤਾਂ ਵਿਦਵਾਨਾਂ ਦੀ ਬਹੁਤ ਭਰਮਾਰ ਹੈ।ਅੱਜ ਦੇ ਸਮੇਂ ਵਿੱਚ ਜਾਣੇ-ਪਛਾਣੇ ਵੀ ਬਦਨਾਮ ਹੋ ਰਹੇ ਹਨ,ਪਰ ਚੰਗੀ ਗੱਲ ਇਹ ਹੈ ਕਿ ਮੂਰਖਤਾ ਦਾ ਸੁਭਾਅ ਹੁਣ ਤੱਕ ਵਿਗੜਿਆ ਨਹੀ ਹੈ।ਅੱਜ ਵੀ ਮੂਰਖਤਾ ਦੀ ਸੁਧਤਾ ਤੇ ਪੂਰਾ ਭਰੋਸਾ ਹੈ।ਜੇਕਰ ਮੂਰਖਤਾ ਦਾ ਕੋਈ ਮਹੱਤਵ ਨਾ ਹੁੰਦਾ ਤਾਂ ਪਹਿਲੀ ਅਪ੍ਰੈਲ ਨੂੰ ਗਰੈਂਡ ਫੂਲਜ਼ ਕਾਨਫਰੰਸਾਂ ਦਾ ਅਯੋਜਨ ਕਰਨ ਦਾ ਰੁਝਾਨ ਏਨਾ ਜੋਰਦਾਰ ਨਾ ਹੁੰਦਾ।ਸਟੇਜ 'ਤੇ ਜਾਨਵਰਾਂ ਦੇ ਮਖੌਟੇ ਪਾ ਕੇ ਸਿੰਗ ਮਟਕਾਉਣ ਵਾਲੇ,ਸੁੱਕੇ ਫਟੇ ਬਾਂਸ ਨੂੰ ਵੀ ਬੰਸਰੀ ਦੇ ਖਿਤਾਬ ਨਾਲ ਸਜਾਇਆ ਜਾਂਦਾ ਹੈ।ਵਧੀਆ ਨੂੰ ਮਾੜਾ,ਬਦਨਾਮ ਨੂੰ ਮਸ਼ਹੂਰ,ਗਰੀਬ ਨੂੰ ਅਮੀਰ,ਉਸ ਤੋਂ ਬਾਅਦ ਉਹ ਬਹੁਤ ਹੀ ਡਰਿਆ-ਡਰਿਆ ਦਿਖਾਈ ਦਿੰਦਾ ਹੈ।ਜਿਵੇਂ ਪਤਨੀ ਆਪਣੇ ਜੀਵਨ-ਸਾਥੀ ਨੂੰ ਬਲਾਉਦੀ ਹੈ ਤਾਂ ਆਪਣੇ ਮੂੰਹੋ ਆਖਦੀ ਹੈ,'ਉਏ,ਤੂੰ ਕਿੰਨਾ ਮੂਰਖ ਆਦਮੀ ਹੈ,ਫਿਰ ਇਕ ਹੰਕਾਰੀ ਸਵੈਮਾਣ ਵਾਲਾ ਪਤੀ ਵੀ ਅਜਿਹਾ ਸਿੰਗਾਰ ਪ੍ਰਾਪਤ ਕਰਕੇ ਬਹੁਤ ਖੁਸ਼ ਹੁੰਦਾ ਹੈ ਅਤੇ ਉਲਟਾ ਉਹ ਵੀ ਤਾਹਨੇ ਮਾਰਦਾ ਹੈ।

ਕਈ ਵਾਰ ਬਹੁਤ ਜਿਆਦਾ ਚਲਾਕੀ ਵੀ ਮੂਰਖਤਾ ਸਾਬਤ ਹੋ ਸਕਦੀ ਹੈ।ਇਸ ਦੀਆਂ ਉਦਾਹਰਣਾਂ ਬਹੁਤ ਸਾਰੀਆਂ ਮਿਲ ਜਾਣਗੀਆਂ,ਜਿਵੇ ਕਈ ਵਾਰ ਬਾਅਦ ਵਿੱਚ ਵਿਆਹ ਦਾ ਸਥਾਨ ਹੀ ਘਟਨਾ ਵਾਲੀ ਥਾਂ ਸ ਾ ਬ ਤ ਹੋਇਆ।ਮੈਰਿਜ਼ ਹਾਲ ਵਿੱਚ ਜਦੋਂ ਇਕ ਲਾੜੇ ਨੇ ਲਾੜੀ ਦੇ ਸਾਹਮਣੇ ਕਿਹਾ ਸੀ,'ਅੰਕਲ ਦੇ ਮਾਮਲੇ 'ਚ ਸਾਡੇ ਲਾੜੇ ਦਾ ਵਾਜਾ ਚਾਰੇ ਪਾਸੇ ਵੱਜਦਾ ਹੈ।'ਇਹ ਸੁਣ ਕੇ ਉਹ ਬਹੁਤ ਖੁਸ਼ ਹੋ ਗਿਆ,ਉਹ ਆਪਣੇ ਸਿਆਣੇ ਛੋਲਿਆਂ ਦੇ ਦਰੱਖਤ 'ਤੇ ਚੜ੍ਹ ਗਿਆ ਅਤੇ ਮੁਸਕਰਾਉਣ ਲੱਗਾ।ਪਰ ਉਸ ਦੀ ਮੂਰਖਤਾ ਨੇ ਉਸ ਦੀ ਚੁਤਰਾਈ ਦੇ ਸਾਰੇ ਭਰਮ ਨਾਸ਼ ਕਰ ਦਿੱਤੇ।ਵਿਦਾਈ ਦੇ ਸਮੇ ਤੋਂ ਪਹਿਲਾ ਇਸ ਤਰਾਂ ਦਾ ਹੋਇਆ ਸੀ ਕਿ ਕੁਆਰੀ ਸੁਦਰਸ਼ਨਾ ਭਰਜਾਈ ਨੇ ਉਸ ਨਾਲ ਵਾਅਦਾ ਕੀਤਾ,ਕਿ 'ਜੀਜਾਸ਼ੀ,ਸਾਡੇ ਨਾਲ ਘਰ ਦੇ ਅੰਦਰ ਆਓ,ਉਥੇ ਸਾਡੀ ਕੁੱਲ ਦੇਵੀ ਨੂੰ ਮੱਥਾ ਟੇਕਣਾ ਹੈ,ਤਾਂ ਜੋ ਬੁਢਾਪੇ ਤੱਕ ਤੁਸੀਂ ਆਪਣੀ ਰਾਣੀ ਦੇ ਮਨ ਦਾ ਰਾਜਾ ਬਣੇ ਰਹੋ?ਉਹ ਬੜੀ ਸਾਵਧਾਨੀ ਨਾਲ ਅੰਦਰ ਚਲਾ ਗਿਆ।ਫੁਲਾਂ ਨਾਲ ਸਜਾਇਆ ਇਕ ਵੱਡਾ ਸਾਰਾ ਟੋਕਰਾ ਫ਼ਰਸ਼ 'ਤੇ ਰੱਖਿਆ ਹੋਇਆ ਸੀ।ਉਸ ਉਤੇ ਇਕ ਅਦਭੁਤ ਸੁੰਦਰ ਚੁੰਨਰ ਪਾਇਆ ਹੋਇਆ ਸੀ,ਉਹ ਬਹੁਤ ਹੀ ਭਾਵੁਕ ਹੋ ਕੇ, ਆਪਣੀ ਪੱਗ ਤੇ ਜੁੱਤੀ ਲਾ ਕੇ,ਮੱਥਾ ਟੇਕਣ ਦੀ ਮੁਦਰਾ ਵਿੱਚ ਬਿਸਤਰੇ ਵਾਂਗ ਵਿਛਾਏ ਫੁੱਲਾਂ ਦੇ ਸੇਜ,ਆਪਣੇ ਮੱਥੇ ਨੂੰ ਉਸ ਰੱਬੀ ਟੋਕਰੇ ਨਾਲ ਵਾਰ-ਵਾਰ ਛੂਹਣ ਲੱਗਾ। ਉਥੇ ਜਿੰਨੇ ਵੀ ਲੋਕ ਖੜੇ ਇਹ ਤਮਾਸ਼ਾ ਦੇਖ ਰਹੇ ਸਨ ਤਾਂ ਉਹ ਲੋਕ ਬੜੇ ਉਚੀ ਦੇਣਾ ਤਾੜੀਆਂ ਲਗਾਉਣ ਲੱਗ ਪਏ।ਉਸ ਤੋਂ ਬਾਅਦ ਕੀ ਹੋਇਆ ਕਿ ਬੁਲਬੁਲ ਵਰਗੀ ਭਰਜਾਈ ਨੇ ਟੋਕਰਾ ਉਲਟਾ ਦਿੱਤਾ ਤਾਂ ਉਹ ਇਹ ਸੱਭ ਦੇਖ ਕੇ ਹੈਰਾਨ ਰਹਿ ਗਿਆ।ਉਥੇ ਉਹਨਾਂ ਦੀ ਨਵ-ਜਨਮੀ ਸ੍ਰੀਮਤੀ ਦੀਆਂ ਚੱਪਲਾਂ ਕੁਲਦੇਵੀ ਦੇ ਨਾਂ 'ਤੇ ਰੱਖੀਆਂ ਹੋਈਆ ਸੀ।ਥੋੜ੍ਹੀ ਦੇਰ ਬਾਅਦ ਜਦੋਂ ਉਹਨਾਂ ਦੀ ਨੂੰਹ ਨੇ ਲਿਲੀ ਦੇ ਫੁੱਲਾਂ ਵਾਂਗ ਜ਼ੋਰਦਾਰ ਤਾੜ੍ਹੀਆਂ ਵਜਾਈਆਂ ਤਾਂ ਉਹ ਉਦੋਂ ਹੀ ਸਮਝ ਗਿਆ ਕਿ ਹੁਣ ਬੁੱਧੀਮਾਨ ਬਣ ਕੇ ਵੀ ਆਪਣੀ ਪਤਨੀ ਦੇ ਸਾਹਮਣੇ ਉਮਰ ਭਰ ਮੂਰਖ ਸੇਵਕ ਬਣੇ ਰਹਿਣਾ ਯਕੀਨੀ ਹੈ।

ਹਾਲਾਂਕਿ,ਮੂਰਖ ਦਿਵਸ ਦੇ ਮੌਕੇ 'ਤੇ,ਦੁਨੀਆ ਵਿੱਚ ਮੂਰਖਾਂ ਦੀ ਮਹਾਨ ਮੌਜੂਦਗੀ ਅਤੇ ਉਹਨਾਂ ਦੀ ਮਹਾਨ ਮਹਾਨਤਾ ਨੂੰ ਨਹੀ ਭੁੱਲਣਾ ਚਾਹੀਦਾ ਹੈ।ਜੇ ਦੁਨੀਆ ਵਿੱਚ ਹੰਝੂ ਨਾ ਹੁੰਦੇ ਤਾਂ ਦੌਲਤ ਕੌਣ ਮੰਗਦਾ?ਉਹੀ ਮੂਰਖਾਂ ਤੋਂ ਬਿੰਨਾਂ,ਬੁੱਧੀਮਾਨ ਅਤੇ ਚਲਾਕ ਵੀ ਆਪਣੀ ਬੁੱਧੀਮਾਨੀ ਕਿਵੇਂ ਅਤੇ ਕਿਸ ਉਤੇ ਸਾਬਤ ਕਰਨਗੇ?ਜਿਸ ਤਰ੍ਹ

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ
ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ

ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ
ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ
ਲਈ ਅਤੇ ਵੈਬਸਾਈਟ ਤੇ
ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com